


# ਅੰਮ੍ਰਿਤ ਕੀਰਤਨ

ੴ

ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਮੁੱਲ : 10 ਰੁ. □ ਸਤੰਬਰ 1997

**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ,ਪੰਜਾਬੀ,ਧਾਰਮਿਕ ਅਧਿਐਨ) ਪੀ.ਐਚ.ਡੀ.


# ਅੰਮ੍ਰਿਤ ਕੀਰਤਨ


ਕੀਰਤਨ ਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਅੰਕ 9 ਸਾਲ ਨੌਵਾਂ ਸਤੰਬਰ 1997



**ਸਹਿਯੋਗੀ**

ਡਾ. ਤ੍ਰਿਲੋਚਨ ਸਿੰਘ ਤਰਸੀ

ਡਾ. ਕਰਨੈਲ ਸਿੰਘ ਸੋਮਲ

ਡਾ. ਹਰਨੇਕ ਸਿੰਘ ਕਲੇਰ

ਸ. ਜੋਤਿੰਦਰ ਸਿੰਘ ਸੋਹਲ

ਸ. ਹਰਭਜਨ ਸਿੰਘ ਚੋਪੜਾ

ਪ੍ਰੋ. ਸਤਵਿੰਦਰ ਸਿੰਘ

ਸ. ਕੇ. ਐਸ. ਚੁਘ

**ਚਿੱਤਰਕਾਰ**

ਗੁਰਦੀਪ ਸਿੰਘ ਦੀਪ

**ਸਰਪ੍ਰਸਤ**

ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ.)
1051, ਸੈਕਟਰ 27 ਬੀ,
ਚੰਡੀਗੜ੍ਹ
ਫੋਨ-650696



| | |
|---|---|
| ਤਤਕਰਾ | 1 |
| ਮਿਤ੍ਰ ਅਸਾਡੜੇ ਸੇਈ | 2 |
| ਕਰਉ ਬੇਨੰਤੀਆ | 3 |
| ਗੁਰਬਾਣੀ ਵਿੱਚ 'ਗਾਇਨ' ਦਾ ਮਹੱਤਵ -ਡਾ. ਹਰਿਭਜਨ ਸਿੰਘ | 4 |
| ਸਿੱਖ ਸੋਚ ਵਿਚਾਰ ਅਤੇ ਵਿਹਾਰ -ਡਾ. ਸਰਜੀਤ ਸਿੰਘ ਕੁੰਜਾਹੀ | 5 |
| ਪੰਜਾਬੀ ਬੋਲੀਏ ! ਤੇਰਾ ਕੋਈ ਨਾ ਬੇਲੀ | 10 |
| ਇਕੋ ਇਹ ਭੀ ਰਾਗੀ ਸਨ -ਜਗਜੀਤ ਸਿੰਘ ਜਾਬੇਵਾਲ | 12 |
| ਮੇਰੀ ਅਮਰੀਕਾ ਯਾਤਰਾ -ਡਾ. ਜਾਗੀਰ ਸਿੰਘ | 14 |
| ਕੈਸਟ ਸਮੀਖਿਆ -ਭਾਈ ਅਵਤਾਰ ਸਿੰਘ ਹੰਸ | 16 |
| ਪ੍ਰਸ਼ਨਾਵਲੀ | 17 |
| ਅਦੁੱਤੀ ਗੁਰਮਤਿ ਸੰਗੀਤ ਸੰਮੇਲਨ - 97 | 18 |
| ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ -ਸ੍ਰ. ਮਨਮੋਹਨ ਸਿੰਘ | 19 |
| ਸੁਰ ਲਿਪੀ-ਰਾਗ ਗੁਜਰੀ ਟੋਡੀ | 20 |
| ਸੁਰ ਲਿਪੀ-ਰਾਗ ਟੋਡੀ | 21 |
| ਜੰਤਰੀ ਮਹੀਨਾ ਸਤੰਬਰ | 24 |



**ਚੰਦੇ ਦਾ ਵੇਰਵਾ :**

| | |
|---|---|
| ਇਕ ਕਾਪੀ | 10 ਰੁ. |
| ਸਲਾਨਾ | 100 ਰੁ. |
| ਜੀਵਨ ਮੈਂਬਰ (15 ਸਾਲ) | 1000 ਰੁ. |
| ਵਿਦੇਸ਼ ਸਲਾਨਾ | 500 ਰੁ. |
| ਜੀਵਨ ਮੈਂਬਰ (15 ਸਾਲ) | 5000 ਰੁ. |

**ਚਿੱਠੀ ਪੱਤਰ ਲਈ ਪਤਾ :**
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ
ਚੰਡੀਗੜ੍ਹ-160 015
ਫੋਨ : 772660
782452

**ਇਸ਼ਤਿਹਾਰਾਂ ਦਾ ਵੇਰਵਾ**

| | |
|---|---|
| ਪਿਛਲਾ ਕਵਰ | 5000 ਰੁ. |
| ਕਵਰ ਦੇ ਅੰਦਰਲੇ ਪੰਨੇ | 3000 ਰੁ. |
| ਸਧਾਰਨ ਪੂਰਾ ਪੰਨਾ | 2000 ਰੁ. |
| ਸਧਾਰਨ ਅੱਧਾ ਪੰਨਾ | 1000 ਰੁ. |
| ਸਧਾਰਨ ਚੌਥਾਈ ਪੰਨਾ | 500 ਰੁ. |



■ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।


■ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

■ 'ਅੰਮ੍ਰਿਤ ਕੀਰਤਨ' ਲਈ ਚੈਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

# ਮਿਤ੍ਰ ਅਸਾਡੜੇ ਸੇਈ

'ਅੰਮ੍ਰਿਤ ਕੀਰਤਨ' ਅਗਸਤ 1997, ਇਸ ਪਰਚੇ ਦੀ ਸ਼ਾਨਦਾਰ ਰਵਾਇਤ ਨੂੰ ਕਾਇਮ ਰੱਖਦਾ ਹੋਇਆ, ਸਗੋਂ ਕਹੀਏ ਇਸ ਵਿੱਚ ਨਰੋਆ ਵਾਧਾ ਕਰਦਾ ਹੋਇਆ ਕਈ ਪੱਖਾਂ ਤੋਂ ਵਿਸ਼ੇਸ਼ ਹੈ ।

ਪਹਿਲਾ, 'ਕਰਉ ਬੇਨੰਤੀਆਂ, ਸਿਰਲੇਖ ਹੇਠ ਸੰਪਾਦਕੀ ਬਾਰੇ ਗੱਲ ਕਰਨੀ ਬਣਦੀ ਹੈ । ਇਹ ਸੰਪਾਦਕੀ ਅਤੇ ਇਸ ਤੋਂ ਪਹਿਲਾਂ ਕਈ ਅੰਕਾਂ ਦੀਆਂ ਸੰਪਾਦਕੀਆਂ ਵਾਂਗ, ਪੰਜਾਬੀ ਸੰਪਾਦਕੀ ਪਰੰਪਰਾ ਵਿੱਚ ਨਿਵੇਕਲਾ ਵਾਧਾ ਹੈ । ਪੰਜਾਬੀ ਸਭਿਆਚਾਰ ਦੀਆਂ ਧਰਮ ਤੇ ਸੰਗੀਤ ਨਾਲ ਸੰਬੰਧਤ ਸੰਸਥਾਵਾਂ ਵਿੱਚ ਜਿੱਥੇ ਕਾਲਖ ਵਧਦੀ ਦਿਸਦੀ ਹੈ ਉਸ ਬਾਰੇ ਸੁਹਿਰਦ ਆਲੋਚਨਾ ਭਰਪੂਰ ਟਿੱਪਣੀਆਂ ਇੱਕ ਉਨੱਤ ਤੇ ਉੱਚ ਪੱਧਰ ਦੀ ਸੋਝੀ ਤੇ ਸੰਵੇਦਨ-ਸ਼ੀਲਤਾ ਵਾਲੇ ਹਿਰਦੇ ਵਿੱਚ ਹੀ ਆਉਣੀਆਂ ਸੰਭਵ ਹਨ । ਕੋਈ ਦਵੈਸ਼ ਭਾਵ ਨਹੀਂ । ਪੰਜਾਬੀ ਜੀਵਨ ਤੇ ਸਭਿਆਚਾਰ ਦੀ ਉਤਮਤਾ ਦੇ ਸੁਪਨੇ ਤੋਂ ਪ੍ਰੇਰਤ ਮਨ ਦੇ ਹੀ ਇਹ ਫਿਕਰ ਹਨ । ਟੁਣਕਵੀ, ਕਾਟਵੀਂ ਪਰ ਸਿਆਣਪ ਨਾਲ ਡੁੱਲ੍ਹ ਡੁੱਲ੍ਹ ਪੈਂਦੀ ਸ਼ੈਲੀ ਵਿੱਚ ਪ੍ਰਗਟ ਸੰਪਾਦਕ ਜੀ ਦੇ ਵਿਚਾਰ ਅਸਰ ਭਰਪੂਰ ਤਾਂ ਹੁੰਦੇ ਹੀ ਹਨ, ਬੌਧਿਕ ਅਨੰਦ ਵੀ ਦਿੰਦੇ ਹਨ । ਸਫਲ ਤੇ ਸਪੱਸ਼ਟ ਲਿਖ ਸਕਣਾ ਹਰ ਆਮ ਦੇ ਵਸ ਦੀ ਗੱਲ ਨਹੀਂ ।

ਸੰਗੀਤ ਸਿੱਖਿਆ ਬਾਰੇ ਜੋ ਲੜੀ ਸ਼ੁਰੂ ਕੀਤੀ ਗਈ ਹੈ, ਸਲਾਹੁਣਯੋਗ ਹੈ । ਹੈਰਾਨੀ ਹੁੰਦੀ ਹੈ ਕਿ ਐਨੇ ਸੁਖਾਲੇ ਢੰਗ ਨਾਲ ਵੀ ਕਦੇ ਲਿਖਿਆ ਜਾ ਸਕਦਾ ਹੈ । ਇਹ ਲੇਖਕ ਦਾ ਕਮਾਲ ਹੈ । ਇਸ ਕਲਮ ਅੱਗੇ ਸਿਰ ਝੁਕਦਾ ਹੈ 'ਅੰਮ੍ਰਿਤ ਦੀਆਂ ਕਰਾਮਾਤਾਂ' ਸਿਰਲੇਖ ਵਾਲੀ ਲੇਖ ਰਚਨਾ ਡੂੰਘੀ ਅਸਰ ਪਾਉ ਹੈ । ਜਿਸ ਅਵਸਥਾ ਤੇ ਅਪੜ ਕੇ ਲੇਖਕ ਨੇ ਗੱਲਾਂ ਕੀਤੀਆਂ ਹਨ, ਇਹ ਆਪਣੇ ਆਪ ਵਿੱਚ ਕਰਾਮਾਤ ਹੈ ।

ਆਪਣੇ ਮਿਸ਼ਨ ਦੀ ਪ੍ਰਤਿਬੱਧਤਾ ਕਿੰਨਾ ਮਜੀਠੜਾ ਰੰਗ ਪੈਦਾ ਕਰਦੀ ਹੈ, 'ਅੰਮ੍ਰਿਤ ਕੀਰਤਨ' ਦਾ ਹਰ ਅੰਕ ਇਸ ਦਾ ਪ੍ਰਮਾਣ ਹੈ ।

*ਮੁਹਾਲੀ (ਰੋਪੜ)* — *ਕਰਨੈਲ ਸਿੰਘ*

ਆਪ ਦਾ ਪਰਚਾ ਬੜਾ ਸਮੇਂ ਸਿਰ ਪੁੱਜਦਾ ਹੈ, ਖਿੱਚ ਵੀ ਵਧੇਰੇ ਰਹਿੰਦੀ ਹੈ, ਬੱਚੇ ਵੀ ਰੁਚੀ ਲੈਂਦੇ ਹਨ । ਪਰਚਾ ਲੇਟ ਹੋਵੇ ਤਾਂ ਅੱਚਵੀ ਜਿਹੀ ਲੱਗ ਜਾਂਦੀ ਹੈ ।

*ਲਖਨਊ* — *ਹਰਬੰਸ ਸਿੰਘ*

'ਅੰਮ੍ਰਿਤ ਕੀਰਤਨ' ਇਤਨਾ ਚੰਗਾ ਹੈ ਕਿ ਜੋ ਇੱਕ ਵਾਰ ਸ਼ੁਰੂ ਕਰ ਲਈਏ ਤਾਂ ਸਾਰਾ ਪੜ੍ਹ ਕੇ ਹੀ ਛੱਡੀਦਾ ਹੈ ।

*ਜਲੰਧਰ* — *ਕੁਲਬੀਰ ਸਿੰਘ*

ਪਾਠਕਾਂ ਦੇ ਪੱਤਰ, 'ਕਰਉ ਬੇਨੰਤੀਆਂ' ਅਤੇ ਗੁਰੂ ਸਾਹਿਬਾਨ ਦੀ ਬਾਣੀ ਤੇ ਸੰਗੀਤ ਇਤਿਆਦਿ ਸਮੱਗਰੀ ਬਹੁਤ ਕਾਬਿਲੇ ਤਾਰੀਫ ਹੈ । ਭਾਈ ਜੁਆਲਾ ਸਿੰਘ ਰਾਗੀ ਬਾਰੇ ਜਾਣਕਾਰੀ, ਸੰਗੀਤ ਦੀ ਦੁਨੀਆਂ, ਸੋਲੋ ਤਬਲਾ ਵਾਦਨ, ਕੈਸਟ ਭਾਈ ਹਰਜਿੰਦਰ ਸਿੰਘ ਜੀ ਬਾਰੇ, ਪ੍ਰਿੰ. ਦਿਆਲ ਸਿੰਘ ਜੀ ਦੀਆਂ ਰਾਗ ਆਸਾ ਵਿੱਚ ਸਵਰ-ਲਿਪੀਆਂ ਅਤੇ ਸ਼ਬਦਾਂ ਦੇ ਅਰਥ ਆਦਿ ਬਹੁਤ ਖੋਜ ਭਰਪੂਰ ਸਨ ।

*ਮਲੋਟ* — *ਐਮ.ਐਸ ਸਚਦੇਵਾ*

'ਅੰਮ੍ਰਿਤ ਕੀਰਤਨ' ਜੁਲਾਈ ਅੰਕ ਕਾਫੀ ਲੇਟ ਮਿਲਿਆ । 'ਕਰਉ ਬੇਨੰਤੀਆਂ' ਤਹਿਤ ਸਕਾਰ ਹੁੰਦਾ ਸੁਪਨਾ, ਬੇਹੱਦ ਪਸੰਦ ਆਇਆ । ਡਾ. ਗੁਰਨਾਮ ਸਿੰਘ ਦੀ ਰਾਗ ਆਸਾ ਵਿੱਚ ਸਵਰ-ਲਿਪੀ ਅਤੇ ਗੁਰਮਤਿ ਬਾਰੇ ਹੋਰ ਲੇਖ ਬਹੁਤ ਪਸੰਦ ਆਏ । ਡਾ. ਮਨਵਿੰਦਰ ਕੌਰ ਵੱਲੋਂ, ਸੰਗੀਤ ਦੀ ਦੁਨੀਆਂ ਅਤੇ ਡਾ. ਹਰਚਰਨ ਸਿੰਘ ਕਲਕਤਾ ਵੱਲੋਂ ਕੈਸਟ ਸਮੀਖਿਆ' ਬਾਰਨੇ ਬਲਿਹਾਰਨੈਂ ਕਾਬਿਲੇ ਤਾਰੀਫ ਸੀ ।

*ਮਲੋਟ* — *ਪ੍ਰੋ. ਮੰਗਤ ਸਿੰਘ ਮਸਤਾਨਾ*

'ਅੰਮ੍ਰਿਤ ਕੀਰਤਨ' ਸਚਮੁਚ 'ਅੰਮ੍ਰਿਤ' ਹੈ । ਜੁਲਾਈ ਅੰਕ ਵਿੱਚ ਡਾ. ਮਿਸ. ਮਨਵਿੰਦਰ ਕੌਰ ਜੀ ਦਾ ਲੇਖ 'ਸੰਗੀਤ ਦੀ ਦੁਨੀਆਂ' ਗਿਆਨ ਪ੍ਰਦਾਨ ਕਰਨ ਵਾਲਾ ਸੀ

*ਚਿਤਕੋਹਰਾ, ਪਟਨਾ* — *ਰਣਧੀਰ ਸਿੰਘ ਖਾਲਸਾ*

**Donations made to "AMRIT KIRTAN TRUST" are eligible for exemption under section 80 G of the Income Tax Act, 1961 upto 31-3-99 vide Order No. CIT/PRO/PTA/80-G/97-98/4662 dated 3/7-7-1997 issued by the CIT, Patiala**

# ਕਰਉ ਬੇਨੰਤੀਆ

## ਨਿਸ਼ਕਾਮ ਕੀਰਤਨ ਅਧਿਆਪਕ

ਗੁਰਮਤਿ ਵਿੱਚ ਜਿਥੇ ਕੀਰਤਨ ਕਰਨ, ਤੇ ਸੁਣਨ ਦੀ ਵਡਿਆਈ ਹੈ ਉਥੇ ਕੀਰਤਨ ਸਿਖਾਉਣ ਦੀ ਵੀ ਵਿਸ਼ੇਸ਼ ਮਹੱਤਤਾ ਹੈ । ਕੀਰਤਨ ਸਿਖਾਉਣ ਵਾਲਾ ਜੇ ਕਿਸੇ ਵਿਅਕਤੀ ਨੂੰ ਇੱਕ ਸ਼ਬਦ ਸਿਖਾਉਂਦਾ ਹੈ ਤਾਂ ਉਸਨੂੰ ਵਿਸ਼ੇਸ਼ ਪੁੰਨ ਪ੍ਰਾਪਤ ਹੁੰਦਾ ਹੈ । ਕੀਰਤਨ ਸਿਖਾਉਣ ਲਈ ਪੁਰਾਤਨ ਸਮੇਂ ਤੋਂ ਅਨੇਕ ਵਿਦਿਆਲੇ ਚੱਲ ਰਹੇ ਹਨ । ਇਹਨਾਂ ਨੂੰ ਟਕਸਾਲਾਂ ਵੀ ਕਿਹਾ ਜਾਂਦਾ ਹੈ । ਜਿਥੇ ਆਮ ਟਕਸਾਲ ਵਿੱਚ ਰੁਪਏ ਪੈਸਿਆਂ ਦੇ ਸਿੱਕੇ ਘੜੇ ਜਾਂਦੇ ਹਨ ਉਥੇ ਇਹਨਾਂ ਟਕਸਾਲਾਂ ਵਿੱਚ ਕੀਰਤਨੀਏ ਘੜੇ ਜਾਂਦੇ ਹਨ । ਭਾਰਤੀ ਸੰਗੀਤ ਵਿੱਚ ਜੋ ਸਥਾਨ ਸੰਗੀਤ ਘਰਾਣਿਆਂ ਦਾ ਹੈ, ਗੁਰਮਤਿ ਸੰਗੀਤ ਵਿੱਚ ਇਹੀ ਸਥਾਨ ਇਹਨਾਂ ਟਕਸਾਲਾਂ ਦਾ ਹੈ ।

ਇਹਨਾਂ ਟਕਸਾਲਾਂ ਵਿੱਚੋਂ ਨਿਰੋਲ ਕੀਰਤਨੀਏ ਜਿਹਨਾਂ ਨੇ ਆਪਣਾ ਜੀਵਨ-ਨਿਰਬਾਹ ਕੀਰਤਨ ਸਦਕਾ ਹੀ ਕਰਨਾ ਹੁੰਦਾ ਹੈ ਪੈਦਾ ਹੁੰਦੇ ਹਨ । ਅੱਜ ਕੱਲ ਅਨੇਕਾਂ ਐਸੇ ਵਿੱਦਿਆਲੇ ਵੀ ਚਲ ਰਹੇ ਹਨ ਜਿਥੇ ਸ਼ੌਕ ਵਜੋਂ ਕੀਰਤਨ ਕਰਨ ਵਾਲਿਆਂ ਨੂੰ ਸਿਖਲਾਈ ਦਿੱਤੀ ਜਾਂਦੀ ਹੈ ।

ਮੁਹਾਲੀ ਵਿਖੇ ਇਹੋ ਜਿਹਾ ਇੱਕ ਵਿੱਦਿਆਲਾ ਗੁਰਦੁਆਰਾ ਸਾਚਾ ਧੰਨ ਫੇਜ਼ ਤਿੰਨ ਵਿੱਚ ਚੱਲ ਰਿਹਾ ਹੈ । ਇਥੇ ਕੀਰਤਨ ਸਿਖਾਉਣ ਦੀ ਸੇਵਾ ਪ੍ਰਿੰਸੀਪਲ ਨਰਿੰਦਰ ਸਿੰਘ ਅਤੇ ਸ੍ਰ. ਹਰਭਜਨ ਸਿੰਘ ਚੋਪੜਾ ਕਰ ਰਹੇ ਹਨ । ਇਹਨਾਂ ਦੀ ਖਾਸੀਅਤ ਇਹ ਹੈ ਕਿ ਇਹ ਸਧਾਰਨ ਕੀਰਤਨ ਨਹੀਂ ਸਿਖਾਉਂਦੇ ਸਗੋਂ ਨਿਰਧਾਰਤ ਰਾਗਾਂ ਅਨੁਸਾਰ ਕੀਰਤਨ ਹਨ ।

ਪ੍ਰਿੰਸੀਪਲ ਨਰਿੰਦਰ ਸਿੰਘ ਜੀ ਅਨੇਕਾਂ ਸਰਕਾਰੀ ਕਾਲਜਾਂ ਵਿਚ ਪ੍ਰਿੰਸੀਪਲ ਅਤੇ ਪੰਜਾਬ ਦੀ ਉੱਚ ਕੋਟੀ ਦੀ ਵਿੱਦਿਅਕ ਸੰਸਥਾ ਐਸ.ਸੀ.ਈ.ਆਰ.ਟੀ. ਦੇ ਡਾਇਰੈਕਟਰ ਵੀ ਰਹੇ ਹਨ ।

ਆਪ ਨੇ ਕੀਰਤਨ ਸਿਖਾਉਣ ਦਾ ਗੁਰ ਆਪਣੇ ਪਿਤਾ ਜੀ ਪ੍ਰੋ. ਕਰਤਾਰ ਸਿੰਘ ਜੀ ਹੁਸ਼ਿਆਰਪੁਰ ਵਾਲਿਆਂ ਪਾਸੋਂ ਅਤੇ ਮਾਸਟਰ ਨਿਹਾਲ ਸਿੰਘ ਜੀ ਪਾਸੋਂ ਸਿਖਿਆ ਹੈ । ਮਾਸਟਰ ਨਿਹਾਲ ਸਿੰਘ ਜੀ ਨੇ ਨਵੇਂ ਸਿਖਣ ਵਾਲਿਆਂ ਵਾਸਤੇ ਬੜੇ ਸਰਲ ਢੰਗ ਨਾਲ ਪਾਠ ਤਿਆਰ ਕੀਤੇ ਸਨ ਜਿਸ ਸਦਕਾ ਅਨੇਕਾਂ ਬਜ਼ੁਰਗ ਜਿਹਨਾਂ ਨੇ ਪਹਿਲਾਂ ਕਦੇ ਕੀਰਤਨ ਨਹੀਂ ਸੀ ਸਿਖਿਆ, ਵੀ ਕੀਰਤਨ ਸਿਖਣ ਯੋਗ ਹੋ ਗਏ । ਇਸ ਪ੍ਰਥਾ ਨੂੰ ਪ੍ਰੋ. ਕਰਤਾਰ ਸਿੰਘ ਜੀ ਨੇ ਹੁਸ਼ਿਆਰਪੁਰ ਵਿੱਚ ਜਾਰੀ ਰਖਿਆ ਅਤੇ ਅੱਜ ਕੱਲ ਪ੍ਰਿੰਸੀਪਲ ਨਰਿੰਦਰ ਸਿੰਘ ਇਸ ਤਰੀਕੇ ਨਾਲ ਗੁਰਦੁਆਰਾ ਸਾਚਾ ਧੰਨ ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ) ਵਿਖੇ ਕੀਰਤਨ ਸਿਖਾ ਰਹੇ ਹਨ । ਇਹਨਾਂ ਨਾਲ ਸਹਾਇਕ ਦੇ ਤੌਰ ਤੇ ਭੈਣ ਜੀ ਸਤਿਪਾਲ ਕੌਰ ਚੁਘ ਅਤੇ ਸ੍ਰ. ਅਰਜਨ ਸਿੰਘ ਜੀ ਭੀ ਕੀਰਤਨ ਸਿਖਾਉਣ ਵਿਚ ਕਾਫੀ ਯੋਗਦਾਨ ਦੇਂਦੇ ਰਹੇ ਹਨ ।

ਸ੍ਰ. ਹਰਭਜਨ ਸਿੰਘ ਚੋਪੜਾ ਮੂਲ ਰੂਪ ਵਿਚ ਬਰਮਾ ਤੋਂ ਆਏ ਹਨ । ਅੱਜ ਕੱਲ ਆਪ ਚੰਡੀਗੜ੍ਹ ਦੇ ਚੋਟੀ ਦੇ ਚਾਰਟਡ ਅਕਾਉਂਟੈਂਟਾਂ ਵਿੱਚੋਂ ਹਨ ਨਾਲ ਹੀ ਚੰਡੀਗੜ੍ਹ ਦੇ ਅਨੇਕਾਂ ਚੈਰੀਟੇਬਲ ਨਿਰਮਾਤਾ ਅਤੇ ਨਿਸ਼ਕਾਮ ਸੇਵਕ ਹਨ । ਕੀਰਤਨ ਰੀਤਾਂ ਦੀਆਂ ਨਿਰਧਾਰਤ ਰਾਗਾਂ ਅਨੁਸਾਰ ਨੋਟੇਸ਼ਨਾਂ ਦੁਆਰਾ ਕੀਰਤਨ ਸਿਖਾਉਣ ਵਿਚ ਇਹਨਾਂ ਨੂੰ ਵਿਸ਼ੇਸ਼ ਮੁਹਾਰਤ ਹਾਸਲ ਹੈ । ਚੋਪੜਾ ਸਾਹਿਬ ਨੂੰ ਕੀਰਤਨ ਦੀ ਲਗਨ ਆਪਣੇ ਪਿਤਾ ਜੀ ਅਤੇ ਵੱਡੇ ਭਰਾਤਾ ਜੀ ਤੋਂ ਲਗੀ ਪਰ ਆਪ ਨੇ ਵਿਧੀਵਤ ਕੀਰਤਨ ਸਿਖਲਾਈ ਗਿਆਨੀ ਮੇਹਰ ਸਿੰਘ ਜੋ ਨੇਤਰਹੀਣ ਸਨ ਪਾਸੋਂ ਲਈ । ਗਿਆਨੀ ਜੀ ਆਪਣੇ ਸਮੇਂ ਦੇ ਨਿਪੁੰਨ ਕੀਰਤਨੀਏ ਹੋਏ ਹਨ । ਉਹ ਮਾਸਟਰ ਪੰਡਿਤ ਨੱਥੂਰਾਮ ਜੀ ਤਰਨਤਾਰਨ ਵਾਲਿਆਂ ਦੇ ਸ਼ਾਗਿਰਦ ਸਨ ਅਤੇ ਥਾਂ ਥਾਂ ਜਾ ਕੇ ਕੀਰਤਨ ਸਿਖਲਾਈ ਦਿੰਦੇ ਸਨ । ਆਪ ਸਮੇਂ ਸਮੇਂ ਬਰਮਾ ਵੀ ਜਾਂਦੇ ਰਹੇ ਹਨ । ਇਥੇ ਹੀ ਸ੍ਰ. ਹਰਭਜਨ ਸਿੰਘ ਚੋਪੜਾ ਹੋਰਾਂ ਆਪ ਪਾਸੋਂ ਕੀਰਤਨ ਦੀ ਸਿਖਿਆ ਲਈ । ਗਿਆਨੀ ਜੀ ਦਾ ਕੀਰਤਨ ਸਿਖਾਉਣ ਦਾ ਢੰਗ ਬਹੁਤ ਵਧੀਆ ਸੀ । ਵਿਦਿਆਰਥੀ ਔਖੇ ਤੋਂ ਔਖੇ ਰਾਗ ਅਤੇ ਤਾਲ ਵਿੱਚ ਛੇਤੀ ਹੀ ਕੀਰਤਨ ਸਿਖ ਲੈਂਦੇ ਸਨ । ਚੋਪੜਾ ਸਾਹਿਬ ਪਿੱਛੇ ਜਿਹੇ ਬਰਮਾ ਗਏ ਹਨ ਉਥੇ ਵੀ ਆਪ ਬੱਚਿਆਂ ਨੂੰ ਕੀਰਤਨ ਸਿਖਾਂਦੇ ਰਹੇ ਹਨ । ਦਸੰਬਰ 1994 ਵਿੱਚ ਉਥੇ ਪਿਓਬੋਏ (PYAWABVE) ਵਿੱਚ ਨਵਾਂ ਗੁਰਦੁਆਰਾ ਸਥਾਪਤ ਕੀਤਾ ਗਿਆ । ਉਦਘਾਟਨੀ ਸਮਾਗਮ ਵਿਚ ਕਰੀਬ 400 ਬੱਚਿਆਂ ਨੇ ਕੀਰਤਨ ਕੀਤਾ । ਰੰਗੂਨ ਸ਼ਹਿਰ ਵਿੱਚ ਆਪ ਦੀਆਂ ਚਲਾਈਆਂ ਕੀਰਤਨ ਕਲਾਸਾਂ ਹੁਣ ਵੀ ਚਲ ਰਹੀਆਂ ਹਨ ।

ਚੋਪੜਾ ਸਾਹਿਬ ਖੁਦ ਵੀ ਆਪਣੇ ਪਰਿਵਾਰ ਸਮੇਤ ਕੀਰਤਨ ਕਰਦੇ ਹਨ । ਆਪ ਦੇ ਕੀਰਤਨ ਵਿੱਚ ਨਿਰਧਾਰਤ ਰਾਗ ਅਤੇ ਤਾਲ ਬੜੇ ਪੱਕੇ ਹੁੰਦੇ ਹਨ । ਪੜਤਾਲਾਂ ਵਿੱਚ ਵੀ ਆਪ ਸਹਿਜ ਨਾਲ ਹੀ ਕੀਰਤਨ ਕਰ ਲੈਂਦੇ ਹਨ ।

'ਅੰਮ੍ਰਿਤ ਕੀਰਤਨ ਟ੍ਰਸਟ' ਦੀ ਸਥਾਪਨਾ ਵਿੱਚ ਆਪ ਦਾ ਵਿਸ਼ੇਸ਼ ਯੋਗਦਾਨ ਹੈ । ਮੈਗਜ਼ੀਨ 'ਅੰਮ੍ਰਿਤ ਕੀਰਤਨ' ਵਿੱਚ ਛਪਣ ਵਾਲੀਆਂ ਨੋਟੇਸ਼ਨਾਂ ਦੀ ਦੇਖ ਰੇਖ ਵੀ ਆਪ ਹੀ ਕਰਦੇ ਹਨ । ਸਾਨੂੰ ਪ੍ਰੋ. ਨਰਿੰਦਰ ਸਿੰਘ ਅਤੇ ਸ੍ਰ. ਹਰਭਜਨ ਸਿੰਘ ਚੋਪੜਾ ਹੋਰਾਂ ਤੇ ਵਿਸ਼ੇਸ਼ ਮਾਣ ਹੈ । ਅਸੀਂ ਵਾਹਿਗੁਰੂ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਆਪ ਨੂੰ ਚੰਗੀ ਸਿਹਤ, ਖੁਸ਼ੀਆਂ ਅਤੇ ਖੇੜੇ ਬਖਸ਼ੇ ਤਾਂ ਜੋ ਆਪ ਇਸੇ ਤਰ੍ਹਾਂ ਗੁਰ ਸਿਖੀ ਦੀ ਸੇਵਾ ਕਰਦੇ ਰਹਿਣ ।

ਡਾ. ਹਰਿਭਜਨ ਸਿੰਘ

# ਗੁਰਬਾਣੀ ਵਿੱਚ 'ਗਾਇਨ' ਦਾ ਮਹੱਤਵ

ਗੁਰਬਾਣੀ ਦੀ ਰਚਨਾ ਕੇਵਲ ਗੁਰੂ ਦੀ ਨਿਜੀ ਰਚਨਾ ਨਹੀਂ ਸਗੋਂ ਇਸ ਦੀ ਅੰਤਮ ਰੂਪ-ਸਿਰਜਣਾ ਵਿੱਚ ਗੁਰੂ ਅਤੇ ਸਿੱਖ ਦੋਵੇਂ ਸ਼ਾਮਲ ਹਨ । ਇਸੇ ਲਈ ਇਸ ਨੂੰ ਗੁਰਮੁਖ ਵਿਧੀ ਤੋਂ ਪੈਦਾ ਹੋਇਆ ਸਾਹਿਤ ਵੀ ਕਿਹਾ ਜਾਂਦਾ ਹੈ । ਬਾਣੀ ਦੇ ਅਧਿਐਨ ਤੋਂ ਸਪਸ਼ਟ ਹੈ ਕਿ ਗੁਰਮੁਖ ਸ਼ਬਦ ਇਕੋ ਵੇਲੇ ਗੁਰੂ ਅਤੇ ਸਿੱਖ ਨਾਲ ਸੰਬੰਧਤ ਹੈ । ਬਾਣੀ ਗੁਰਮੁਖ ਹੈ ਕਿਉਂਕਿ ਇਹ ਗੁਰੂ ਦੇ ਮੁਖ ਤੋਂ ਨਿਕਲਦੀ ਹੈ, ਸਰੋਤਾ ਗੁਰਮੁਖ ਹੈ ਕਿਉਂਕਿ ਉਹ ਗੁਰੂ ਦੇ ਮੁੱਖ ਵੱਲ ਇਕਾਗਰ ਹੈ, ਤੇ ਗੁਰਮੁਖ ਆਪ ਗੁਰੂ ਜਾਂ ਬਾਣੀਕਾਰ ਦਾ ਹੀ ਮੁਖ ਹੈ । ਸੋ ਇਹ ਸ਼ਬਦ ਗੁਰਮੁਖ – ਗੁਰੂ ਦਾ ਮੁਖ ਅਰਥਾਤ ਗੁਰੂ, ਗੁਰੂ ਦੇ ਮੁਖ ਤੋਂ ਅਰਥਾਤ ਬਾਣੀ ਅਤੇ ਗੁਰੂ ਦੇ ਮੁਖ ਵੱਲ ਅਰਥਾਤ ਸਿੱਖ ਤਿੰਨਾਂ ਨਾਲ ਸੰਬੰਧਤ ਹੈ । ਸੋ ਗੁਰਮੁਖ ਸ਼ਬਦ ਇਕੋ ਵੇਲੇ ਗੁਰੂ, ਬਾਣੀ ਅਤੇ ਸਰੋਤਾ ਤਿੰਨਾਂ ਵੱਲ ਸੰਕੇਤ ਕਰਦਾ ਹੈ । ਇਸ ਗੁਰਮੁਖ ਏਕਤਾ ਨੂੰ ਪਕਿਆਂ ਕਰਨ ਵਾਲਾ ਤੱਤ ਹੈ 'ਗਾਇਨ' । ਜਿਵੇਂ ਕੋਈ ਗੀਤ ਜਦੋਂ ਸੰਗੀਤ ਵਿੱਚ ਉਚਾਰਿਆ ਜਾਂਦਾ ਹੈ ਤਾਂ ਉਹ ਸੁਤੰਤਰ ਰੂਪ ਵਿੱਚ ਗੀਤ ਨਹੀਂ ਰਹਿੰਦਾ ਸਗੋਂ ਗਾਇਨ ਦਾ ਅੰਗ ਬਣ ਜਾਂਦਾ ਹੈ । ਇਸੇ ਤਰ੍ਹਾਂ ਬਾਣੀ ਨਿਰੋਲ ਸਾਹਿਤ ਨਹੀਂ, ਉਹ ਸੰਗੀਤ ਨਾਲ ਸੰਬੰਧਤ ਹੋ ਕੇ ਹੀ ਪੂਰਨ ਅਤੇ ਜੀਵਿੰਤ ਹੋਂਦ ਪ੍ਰਾਪਤ ਕਰਦੀ ਹੈ । ਇਸ ਸੰਗੀਤ ਦਾ ਵੀ ਆਪਣਾ ਵਿਲੱਖਣ ਚਰਿਤਰ ਹੈ, ਇਹ ਵਿਅਕਤੀ – ਸੰਗੀਤ ਨਹੀਂ; ਸੰਗਤ-ਸੰਗੀਤ ਹੈ । ਬਾਣੀ ਸਾਹਿਤ ਅਤੇ ਸੰਗੀਤ ਦੇ ਮਿਸ਼ਰਣ ਰਾਹੀਂ ਗੁਰੂ ਤੇ ਸਿੱਖ ਵਿੱਚ ਇੱਕ ਜੀਵੰਤ ਹੋਂਦ ਵਾਂਗ ਟਿਕੀ ਰਹੀ ਹੈ ।

ਭਾਵੇਂ ਗਾਇਨ ਗੁਰੂ ਸਾਹਿਬਾਨ ਤੋਂ ਪਹਿਲਾਂ ਵੀ ਅਧਿਆਤਮਿਕ ਬਾਣੀ ਨਾਲ ਕਿਸੇ ਨਾ ਕਿਸੇ ਤਰ੍ਹਾਂ ਸੰਬੰਧਤ ਰਿਹਾ ਹੈ ਪਰ ਇਸ ਦੇ ਕਲਾਤਮਕ ਮਹੱਤਵ ਨੂੰ ਅਧਿਆਤਮਕ ਅਨੁਭਵ ਦਾ ਅਨਿਖੜ ਅੰਗ ਬਣਾਉਣ ਦਾ ਸੁਚੇਤ ਜਤਨ ਗੁਰੂ ਸਾਹਿਬਾਨ ਨੇ ਹੀ ਕੀਤਾ । ਰਾਗ ਜਾਂ ਗਾਇਨ ਪ੍ਰਵਿਰਤੀ ਮੂਲਕ ਜੀਵਨ ਦ੍ਰਿਸ਼ਟੀ ਦਾ ਚਿੰਨ ਹੈ । ਰਾਗ ਇੱਕ ਪਾਸੇ ਤਾਂ 'ਸੁੰਨ' ਦਾ ਵਿਰੋਧੀ ਹੈ ਦੂਜੇ ਪਾਸੇ 'ਵਸਤੂ' ਦਾ । ਬਾਣੀ ਕੀਰਤਨ ਦਾ ਆਧਾਰ ਇਹੋ ਰਾਗ-ਸਿਧਾਂਤ ਹੈ । ਗੁਰਬਾਣੀ ਵਿੱਚ ਗਾਇਨ ਨੂੰ ਸਵੱਛ ਸਿਧਾਂਤਕ ਆਧਾਰ ਮਿਲਿਆ ।

ਗੁਰਬਾਣੀ ਗਾਇਨ ਗੁਣ ਗਾਇਨ ਹੈ ਤੇ ਉਹ ਵੀ ਗੋਬਿੰਦ ਗੁਣ ਗਾਇਨ । ਨਾ ਤਾਂ ਇਹ ਗਾਇਨ ਨਿਰੋਲ ਸੰਗੀਤ, ਨਾ ਗੁਣ ਅਮੂਰਤ ਸੰਕਲਪਣਾ ਅਤੇ ਨਾ ਹੀ ਗੋਬਿੰਦ ਮਨੁੱਖੀ ਪ੍ਰਕਿਰਿਆ ਤੋਂ ਵਿਛੁੰਨੀ ਹੋਂਦ । ਗੋਬਿੰਦ ਗਾਇਨ ਰਾਹੀਂ ਪਛਾਣਿਆ ਜਾ ਸਕਦਾ ਹੈ ।

ਗੁਰਬਾਣੀ ਦਾ ਸੰਗਠਨ ਜੋ ਗਾਇਨ, ਭਜਨ, ਜਸ, ਸਿਮਰਨ ਆਦਿ ਦੀ ਵਿਧੀ ਉਪਰ ਹੋਇਆ ਹੈ । ਗੁਰਬਾਣੀ ਦੇ ਭਾਸ਼ਾ-ਉਚਾਰਾਂ ਵਲ ਧਿਆਨ ਦੇਣ ਤੋਂ ਸਪਸ਼ਟ ਹੁੰਦਾ ਹੈ ਕਿ ਭਜਨ, ਜਸ, ਸਿਮਰਨ ਆਦਿ ਸ਼ਬਦ ਗਾਇਨ ਦੇ ਸਮਾਨਾਰਥਕ ਜਾਂ ਉਸ ਦੇ ਅੰਗ ਵਜੋਂ ਵਰਤੇ ਗਏ ਹਨ ।

*ਗੁਨ ਗੋਬਿੰਦ ਗਾਇਓ ਨਹੀਂ ਜਨਮ ਅਕਾਰਥ ਕੀਨ ॥*
*ਕਹੁ ਨਾਨਕ ਹਰਿ ਭਜੁ ਮਨਾ ਜਿਹਿ ਬਿਧਿ ਜਲ ਕੋ ਮੀਨਿ ॥*

ਗੁਰਬਾਣੀ ਵਿੱਚ 'ਗਾਇਨ' ਦਾ ਜਿਕਰ ਮਾਇਆ ਦੇ ਵਿਰੋਧ ਵਿੱਚ ਹੋਇਆ ਹੈ :

*ਪ੍ਰਾਨੀ ਕੋ ਹਰ ਜਸ ਮਨ ਨਹੀਂ ਆਵੈ ।*
*ਅਹਿਨਿਸ ਮਗਨ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ ॥*

(ਪੇਸ਼ਕਸ਼ : ਡਾ. ਜਾਗੀਰ ਸਿੰਘ)

## ਡਾ: ਸੁਰਜੀਤ ਸਿੰਘ ਕੁੰਜਾਹੀ

# ਸਿੱਖ ਸੋਚ, ਵਿਚਾਰ ਅਤੇ ਵਿਹਾਰ

**ਆ**ਮ ਸੰਸਾਰੀ ਮਨੁੱਖ ਦੇ ਜੀਵਨ ਵਲ ਝਾਤ ਮਾਰਿਆਂ ਜੋ ਸਭ ਤੋਂ ਪਹਿਲਾ ਪਹਿਲੂ ਸਾਹਮਣੇ ਆਉਂਦਾ ਹੈ, ਉਹ ਹੈ ਨਿੱਜ ! ਭਾਵੇਂ ਕਿਸੇ ਪ੍ਰਵਰਤੀ ਦੀ ਹੋਂਦ ਲੈ ਕੇ ਜਨਮਿਆ ਮਨੁੱਖ ਅਸੀਂ ਗੌਹ ਨਾਲ ਵਾਚੀਏ, ਸਾਨੂੰ ਉਹ ਇਸ ਧੁਰੇ ਦਵਾਲੇ ਹੀ ਗੇੜੇ ਲਾਂਦਾ ਨਜ਼ਰ ਆਵੇਗਾ ! ਨਿੱਜ ਦੇ ਆਰੰਭ, ਉਸ ਦੇ ਸਰੀਰ, ਮਨ, ਆਤਮਾ ਦਾ ਨਿਖੇੜਾ, ਉਸ ਦੇ ਚੁਗਿਰਦੇ ਖਿਲਰਦੇ ਵਿਸਥਾਰ ਸਾਰੇ ਦੇ ਸਾਰੇ ਉਸ ਵਲ ਸੂਚਕ ਚਿੰਨ੍ਹ ਕੇਂਦਰਤ ਕਰਦੇ ਹਨ । ਸੰਸਾਰ ਦਾ ਹਰ ਛੋਟਾ ਵੱਡਾ ਇਨਸਾਨ ਇਸ ਦੀ ਗ੍ਰਿਫਤ ਵਿੱਚ ਆਪ ਫਸ ਜਾਣ ਲਈ ਉਤਾਵਲਾ ਹੁੰਦਾ ਰਹਿੰਦਾ ਹੈ । ਉਸ ਦੀ ਮੁੱਢਲੀ ਵਿੱਦਿਆ ਦੇ ਨਾਲ ਹੀ ਉਸਦੇ ਮੰਤਵ ਵਿਚ ਇਹ ਪ੍ਰਵਰਤੀ ਸਿਰ ਕੱਢ ਖਲੋਂਦੀ ਏ । ਘਰ ਦੇ ਸਾਰੇ ਮਾਹੌਲ ਵਿਚ ਇਸ ਦੀ ਤਿਆਰੀ ਲਈ ਹਰ ਪ੍ਰਾਣੀ ਸੂਝ ਦਾ ਯੋਗਦਾਨ ਦੇ ਕੇ, ਉਸਨੂੰ ਇਸ ਧੁਰੇ ਦਵਾਲੇ ਗੇੜਾ ਲਗਾਣ ਲਈ ਤਿਆਰ ਕਰਦਾ ਹੈ । ਜਦੋਂ ਉਚਿਤ ਸਮਾਂ ਆ ਜਾਂਦਾ ਹੈ ਤਾਂ ਇੱਕ ਹੋਰ ਮੋਹਤਬੇਰ ਜੰਮ ਪੈਂਦਾ ਹੈ । ਆਮ ਗ੍ਰਹਿਸਤੀਆਂ ਦੇ ਕੰਮ ਕਾਜ, ਰੁਜ਼ਗਾਰ, ਨੌਕਰੀਆਂ ਅਤੇ ਤਰੱਕੀਆਂ ਦੀ ਕਹਾਣੀ ਇਸ ਸਰਬ ਵਿਆਪੀ ਹਕੀਕਤ ਦੀ ਪੁਸ਼ਟੀ ਕਰਦੀ ਹੈ ।

ਵੈਰਾਗ ਦੀ ਦੁਨੀਆਂ, ਇਸ ਨਿੱਜ ਦੀ ਦੁਨੀਆਂ ਦੇ ਨਾਲ ਹੀ ਛੋਲਦਾਰੀ ਲਗਾ ਕੇ ਸਮੇਂ ਦੇ ਰੰਗ ਤੱਕਦੀ ਰਹਿੰਦੀ ਹੈ । ਹਾਲਾਤ ਕਈ ਵਾਰੀ; ਸੁਖ ਆਰਾਮ, ਧੰਨ ਸੰਪਤ, ਮਾਣ ਇਜ਼ਤ, ਵਡਿਆਈ ਸੋਭਾ ਆਦਿ ਦੀ ਪ੍ਰਾਪਤੀ ਹੋ ਜਾਣ ਮਗਰੋਂ, ਮਨੁੱਖ ਦੀ ਅੰਤਰ ਆਤਮਾ ਦੇ ਦਵਾਲੇ ਇਕ ਅਜੀਬ ਖਲਾਅ ਪੈਦਾ ਕਰ ਦੇਂਦੇ ਹਨ । ਔਲਾਦ ਵਲੋਂ ਧ੍ਰਿਗ ਲਾਹਨਤਾਂ, ਬੇਵਫਾਈ, ਬੇਪਰਤੀਤੀ, ਵਿਸ਼ਵਾਸਘਾਤ ਆਦਿ ਕਈ ਵਿਚਲਿਤ ਕਰ ਦੇਣ ਵਾਲੀਆਂ ਸਥਿਤੀਆਂ ਇਸ ਨਿੱਜ ਦੇ ਗੂਹੜੇ ਰੰਗ ਵਿਚ ਪਛਤਾਵੇ ਦੇ ਪੋਚੇ ਲਗਾ ਕੇ ਇਨ੍ਹਾਂ ਵਿੱਚ ਮਘੋਰੇ ਕਰ ਦੇਂਦੀਆਂ ਹਨ । ਇਹ ਐਸਿਡ ਸਬੂਤੇ ਆਕਾਰ ਵਿਗਾੜ ਸੁੱਟਦੇ ਹਨ ਅਤੇ ਮਨੁੱਖ ਤਿਆਗ ਦੇ ਰਾਹ ਤੇ ਚਲ ਪੈਂਦਾ ਹੈ । ਮਾਇਆ ਦੇ ਅਸਲੀ ਰੂਪ ਜਦੋਂ ਸੁਰਤੀ ਤੋਂ ਭਰਮ ਦੇ ਪੜਦੇ ਲਾਹ ਕੇ ਸੰਸਾਰਕ ਰੀਤੀ ਅਤੇ ਵਿਹਾਰ ਨੂੰ ਦਰਸਾਉਂਦੇ ਹਨ ਤਾਂ ਅੰਦਰ ਖਲਾਅ ਪੈਦਾ ਹੁੰਦਾ ਹੈ । ਇਕ ਹੂਕ ਉੱਠਦੀ ਹੈ । ਕੂੜ ਦੀ ਪਾਲ ਟੁੱਟਦੀ ਹੈ ਅਤੇ ਫਿਰ ਸ਼ਾਂਤ ਸਕਾਹਰਾ ਸੁਥਰਾ ਅਤੇ ਸੁਖਾਵਾਂ ਰਸਤਾ ਆਤਮਾਂ ਵੇਖਣ ਲੱਗ ਪੈਂਦੀ ਹੈ ।

ਸਿੱਖ ਵਿਚਾਰਧਾਰਾ ਵਿਚ ਗ੍ਰਹਿਸਤ ਵਿਚ ਆਏ ਸਭ ਪ੍ਰਕਾਰ ਦੇ ਝੱਖੜ ਇਕ ਉਚੇਚੇ ਢੰਗ ਨਾਲ ਸੁਲਝਾਉਣ ਬਾਰੇ ਆਸਾਨ ਤਰੀਕੇ ਦਰਸਾਏ ਗਏ ਹਨ । ਗੁਰੂ ਗਿਆਨ ਸਾਰੀ ਕਾਇਨਾਤ ਵਿੱਚ ਵਿਆਪ ਰਹੇ ਕੁਦਰਤੀ ਅਸੂਲਾਂ ਤਹਿਤ ਅਚੰਭੇ ਉਘੇੜਦੈ ਜਿਸ ਦੀ ਪੁਸ਼ਟੀ ਵਿਗਿਆਨੀਆਂ ਦੀ ਲਗਾਤਾਰ ਘਾਲਨਾ ਕਰਦੀ ਰਹੀ ਹੈ । ਸਰੀਰ ਦੀ ਬਣਤਰ ਵਿਚ ਵੀ ਸਰਬ ਤੱਤਾਂ ਦਾ, ਸਰੀਰ ਦੀ ਵਿਉਂਤ ਬੱਧੀ ਨਿਯਮਾਵਲੀ ਨਾਲ ਸੰਬੰਧ ਬਣਿਆ ਹੋਇਆ ਹੈ । ਸਰੀਰ ਵਿਚ ਵਸੇਬਾ ਕਰਦੇ ਸਰਬ ਅੰਗਾਂ ਦੀ ਕਿਰਿਆ ਪ੍ਰਣਾਲੀ ਜਿਹੜੇ ਕੁਦਰਤੀ ਅਸੂਲਾਂ ਕਾਰਨ ਨਿਯਮਿਤ ਹੈ, ਉਸ ਦੇ ਨਾਲ

*Do not follow where the path may lead. Go instead where there is no path and leave a trail.*

***Yesterday is a cancelled cheque, tommorrow is a promissory note, to-day is the only cash you have so spend it wisely.***

ਹੀ ਸੋਚ ਸੂਝ ਸਮਝ ਅਤੇ ਨਿੱਜ ਗਿਆਨ ਵੀ ਜੁੜੇ ਹੋਏ ਨੇ । ਗੁਰਬਾਣੀ ਵਿਚ ਸੂਰਜ, ਚੰਨ ਸਿਤਾਰੇ, ਧਰਤੀਆਂ, ਲੱਖਾਂ ਆਕਾਸ਼ਾਂ ਅਤੇ ਅਣਗਿਣਤ ਗੰਭੀਰ ਵਿਸ਼ਿਆਂ ਤੇ ਚਾਨਣ ਪਾਇਆ ਗਿਆ ਹੈ । ਦਵਾਲੇ ਦੇ ਸਾਰੇ ਪਸਾਰੇ ਦਾ, ਧਰਤੀ, ਪਾਤਾਲ, ਸਮੁੰਦਰ, ਹਵਾ, ਕੁਦਰਤ, ਪਉਣ, ਬਨਸਪਤੀ, ਪਹਾੜ, ਜੰਗਲ, ਗੁਫਾਵਾਂ ਆਦਿ ਜਿਸ ਨਿਯਮਾਵਲੀ ਹੇਤ ਅੰਕੁਸ਼ ਹੇਠ ਆਈਆਂ ਹਨ, ਉਹਨਾਂ ਦੇ ਗੂੜ੍ਹ ਗਿਆਨ ਦਾ ਜੋ ਵੀ ਵਰਨਣ ਵਿਗਿਆਨੀਆਂ ਅਤੇ ਸੂਝਵਾਨ ਵਿਚਾਰਕਾਂ ਨੇ ਕੀਤਾ ਹੈ, ਗੁਰਬਾਣੀ ਉਹਨਾਂ ਵਲ ਪਹਿਲਾਂ ਹੀ ਸੂਚਕ ਲਗਾ ਚੁੱਕੀ ਹੈ । ਇਸ ਦਾ ਭਾਵ ਇਹ ਹੈ ਕਿ ਗੁਰੂ ਵਿਚਾਰਧਾਰਾ ਅਜੋਕੇ ਵਿਗਿਆਨੀ ਯੁਗ ਦੀ ਪੁਸ਼ਟੀ ਦਾ ਬੇਮਿਸਾਲ ਨਮੂਨਾ ਹੈ ਜੋ ਸਰਬ ਗਿਆਨ ਨੂੰ ਅਕੀਦੇ ਨਾਲ ਜੋੜ ਕੇ ਸ਼ਰਧਾ ਵਿਸ਼ਵਾਸ਼ ਅਤੇ ਸਮਰਪਣ ਨਾਲ ਸਪਸ਼ਟ ਹੁੰਦਾ ਹੈ । ਇਸ ਸੁਖਾਲੇ ਢੰਗ ਨਾਲ ਬਹੁਤ ਪੇਚੀਦਾ ਵਿਚਾਰ ਸਰਲ ਹੋ ਜਾਂਦੇ ਹਨ । ਸ਼ਰਧਾ ਵਿਸ਼ਵਾਸ ਅਕੀਦਾ ਸਵੈ-ਸਮਰਪਨ ਅਤੇ ਸ਼ਰਨ ਆ ਕੇ ਸਵੈ ਨੂੰ ਕੇਵਲ ਰਾਖ ਸਮਾਨ ਮੰਨ ਲੈਣਾ ਹੀ ਚੰਗੇ ਸ਼ਿੱਸ਼ ਜਾਂ ਸਿੱਖ ਦੀ ਪਹਿਚਾਨ ਹੈ । ਮਨ ਚੋਂ ਹਉਮੈਂ, ਅਹੰਕਾਰ, ਮੈਂ ਮੈਂ ਦੀ ਰਟ, ਬਾਹਰ ਕੱਢ ਕੇ ਸਰਬ ਸਿਆਣਪਾਂ ਨੂੰ ਠੱਪ ਕੇ ਰੱਖ ਦੇਣ ਦਾ ਨਾਮ ਹੀ ਵਿਸ਼ਵਾਸ ਤੇ ਭਰੋਸਾ ਹੈ । ਭਰੋਸੇ ਵਾਲਾ ਸਿੱਖ ਆਪਣੇ ਅੰਦਰ ਕੇਵਲ ਉਸ ਪ੍ਰਕਾਸ਼ਮਾਨ ਦਾਤੇ ਦੇ ਅਜੀਬ ਸਰੂਪ ਨੂੰ ਹੀ ਚਿਤਾਰਦਾ ਹੋਇਆ ਆਪਣੇ ਗੁਣ ਅਵਗੁਣ ਉਸ ਦੇ ਚਰਨਾਂ ਵਿਚ ਸਮਰਪਿਤ ਕਰਕੇ ਸੁਰਖਰੂ ਹੋ ਜਾਂਦੈ । ਉਹ ਬਹੁਤੀਆਂ ਸੋਚਾਂ ਦਾ ਭਾਰ ਸਿਰ ਤੇ ਨਾ ਰੱਖਦਾ ਹੋਇਆ ਆਪਣੇ ਸਾਰੇ ਸੰਸੇ ਉਸ ਦੇ ਅੱਗੇ ਰਖਕੇ ਉਹਦੇ ਹਜ਼ੂਰ ਖਲੋਕੇ ਅਰਦਾਸੀਆ ਬਣ ਭੁੱਲਾਂ ਲਈ ਸਦਾ ਮੁਆਫੀ ਮੰਗਦਾ ਰਹਿੰਦਾ ਹੈ । ਉਹ ਆਪਣੇ ਹੱਥੋਂ ਕੀਤੇ ਚੰਗੇ ਮੰਦੇ ਕਾਰਜਾਂ ਲਈ ਗੁਨਾਹਗਾਰ ਬਣ ਕੇ ਭੁੱਲਾਂ ਬਖਸ਼ਾ ਲੈਂਦਾ ਹੈ । ਉਹ ਚੰਗੇ ਕਾਰਜਾਂ ਲਈ ਹਉਮੈ ਦੇ ਰੰਗ ਤੋਂ ਸਦਾ ਨਿਰਲੇਪ ਰਹਿਕੇ ਮਾਲਕ ਦੀ ਵਡਿਆਈ ਕਰਦਾ ਹੈ । ਆਪਣੇ ਨਾਮ ਨਾਲ ਕਿਸੇ ਪ੍ਰਕਾਰ ਦੀ ਪ੍ਰਸ਼ੰਸਾ ਦਾ ਉਹਦੇ ਕੰਨਾਂ ਨੂੰ ਇੰਤਜ਼ਾਰ ਨਹੀਂ ਹੁੰਦਾ । ਜਦ ਵੀ ਉਹਨੂੰ ਕੋਈ ਉਸ ਦੀ ਚੰਗਿਆਈ ਕਾਰਨ ਉਸਦੀ ਪ੍ਰਸ਼ੰਸਾ ਕਰਦਾ ਦਿਸਦਾ ਹੈ , ਉਹ ਇਹ ਚੰਗਿਆਈ ਦਾਤੇ ਦੀ ਕ੍ਰਿਪਾ ਨੂੰ ਦੇਂਦਾ ਹੈ । ਗੁਰਸਿੱਖ ਮਾਣ ਹੁੰਦਿਆਂ ਨਿਮਾਣਾ, ਤਾਣ ਹੁੰਦਿਆਂ ਨਤਾਣਾ ਅਤੇ ਹਿਰਦੇ ਵਿਚ ਗਰੀਬ ਬਣ ਕੇ ਜਿਉਂਦਾ ਹੈ ।

ਸਵਾਲ ਪੈਦਾ ਹੁੰਦਾ ਹੈ ਕਿ ਇਹ ਚਮਤਕਾਰ ਕਿਸ ਤਰ੍ਹਾਂ ਹੋ ਸਕਦਾ ਹੈ ? ਹਰ ਮਨੁੱਖ ਆਪਣੀ ਪ੍ਰਸ਼ੰਸਾ ਲਈ ਉਤਾਵਲਾ ਹੁੰਦੈ । ਹਰ ਘਾਲਨਾਂ ਕਰਨ ਮਗਰੋਂ ਸੁਖਾਵੇਂ ਫਲ ਦੀ ਇੰਤਜ਼ਾਰ ਹੁੰਦੀ ਹੈ । ਹਰ ਮਿਹਨਤ ਮਗਰੋਂ ਚੰਗੇ ਨਤੀਜੇ ਦੀ ਆਸ ਹੁੰਦੀ ਹੈ । ਜੇ ਇਹ ਸਭ ਠੀਕ ਨਹੀਂ, ਤਾਂ ਕੀ ਲੋੜ ਪਈ ਏ ਏਨੀ ਮਿਹਨਤ ਤੇ ਘਾਲਣਾ ਕਰਨ ਦੀ ?

ਸਿੱਖ ਵਿਚਾਰਧਾਰਾਂ ਕਾਮਯਾਬ ਹੋਣ ਤੋਂ ਠਾਕਦੀ ਨਹੀਂ । ਕਾਮਯਾਬੀ ਪਿੱਛੋਂ ਮਨ ਵਿਚ ਆ ਵੱਸੀ ਹਉਮੈਂ ਦੇ ਆ ਜਾਣ ਦੇ ਖਿਲਾਫ਼ ਹੈ । ਕੰਮ ਕਰਕੇ, ਮਿਹਨਤ ਕਰਕੇ, ਘਾਲਣਾ ਘਾਲ ਕੇ ਅਤੇ ਜੂਝ ਕੇ ਸੱਚ ਦੀ ਕੀਤੀ ਕਮਾਈ ਦਾ ਅੰਮ੍ਰਿਤ ਖੁਦ ਛਕੇ ਅਤੇ ਬਾਕੀ ਦਿਆਂ ਨੂੰ ਵੀ ਨਿਰਵੈਰ, ਨਿਰਮੋਹ ਤੇ ਨਿਰਮਾਣ ਹੋ ਕੇ ਛਕਾਵੇ । ਇਸ ਪ੍ਰਕਾਰ ਦੀ ਖੁਸ਼ੀ ਕੇਵਲ ਘਾਲਣਾ ਘਾਲਣ ਵਾਲੇ ਤਕ ਹੀ ਸੀਮਤ ਨਹੀਂ ਰਹੇਗੀ । ਹੋ ਸਕਦੈ ਇਹ ਕਿਸੇ ਹੋਰ ਟੁੱਟੇ ਹੋਏ, ਭੈਭੀਤ ਤੇ ਹਾਰ ਟੁੱਟ ਕੇ ਡਿੱਗੇ ਹੋਏ ਹਿਰਦੇ ਨੂੰ ਹਲੂਣਾਂ ਦੇ ਕੇ ਜਗਾ ਦਵੇ ਤੇ ਇਸ ਤੋਂ ਬਾਦ ਹੋਰ ਹਿਰਦੇ ਸੁਰਜੀਤ ਹੋ ਜਾਣ । ਇਸ ਪ੍ਰਕਾਰ ਇਸ ਸੰਪੂਰਨ ਸੰਸਾਰ ਵਿਚ ਹੱਥੀਂ ਸੱਚੀ ਸੁੱਚੀ ਕਿਰਤ ਕਮਾਈ ਕਰਕੇ ਸਾਂਝੀਵਾਲਤਾ ਵਿਚ ਵੰਡ ਛਕਣ ਦੀ ਮਹਾਨ ਪਰੰਪਰਾ ਇਸ ਧਰਤੀ ਤੋਂ ਮਨੁੱਖ ਦੇ ਭੈੜੇ ਵਤੀਰੇ ਵਾਲੇ ਨਾਸੂਰ

*Chance favours the prepared mind.*

*Many receive advice, only the wise profit from it.*

ਦਾ ਸਦੀਵੀ ਨਾਸ ਕਰਨ ਵਿਚ ਸਹਾਈ ਹੋ ਸਕਦੀ ਹੈ । ਗੁਰੂ ਦੀ ਸਿੱਖਿਆ ਕੇਵਲ ਅਖਾਉਤੀ ਸਿੱਖਾਂ ਲਈ ਹੀ ਸੀਮਤ ਨਹੀਂ । ਇਹ ਹਰ ਉਸ ਮਨੁੱਖ ਮਾਤਰ ਦੇ ਦਵਾਰ ਖੋਲ੍ਹਣ ਲਈ ਉਪਲਬਧ ਹੈ ਜੋ ਇਸ ਦੀ ਮਹਾਨਤਾ ਵਿਚ ਵਿਸ਼ਵਾਸ ਰੱਖਦਾ ਹੈ ।

ਕੁਦਰਤ ਦੇ ਕਈ ਰੰਗ ਹਨ । ਕੁਦਰਤ ਨੂੰ ਜਿੰਨਾਂ ਨੇੜਿਓਂ ਗੁਰੂ ਸਾਹਿਬਾਨ ਨੇ ਆਪਣੀ ਤੀਖਣ ਦ੍ਰਿਸ਼ਟੀ ਨਾਲ ਵੇਖਿਆ ਹੈ, ਓਨਾਂ ਸ਼ਾਇਦ ਕਿਸੇ ਹੋਰ ਦੇ ਹਿੱਸੇ ਨਹੀਂ ਆਇਆ । ਕੁਝ ਅੰਧ ਵਿਸ਼ਵਾਸ਼ਾਂ ਨੇ ਪਾਖੰਡ, ਅਜੂਬੇ, ਜਾਦੂ ਤੇ ਕਰਾਮਾਤਾਂ ਦਾ ਵਰਨਣ ਵੀ ਕੀਤਾ ਹੈ । ਕੁਝ ਹੂਰਾਂ ਤੇ ਐਸ਼ ਬਹਾਰਾਂ ਦੇ ਲਾਲਚ ਦੇ ਕੇ ਪੁੰਨ ਕਰਨ ਦੇ ਲਈ ਪ੍ਰੇਰਤ ਕਰਦੇ ਵੇਖੇ ਗਏ ਨੇ । ਕੁਝ ਨੇ ਦੋਜ਼ਖ ਦੀ ਅੱਗ ਵਿਚ ਸੜਨ ਦੇ ਡਰ ਵੀ ਦਿੱਤੇ ਹਨ । ਮਨੁਖ ਦੀ ਜ਼ਾਤ ਹਮੇਸ਼ਾਂ ਕੁਝ ਫਾਇਦੇ ਵਾਲੇ ਪਾਸੇ ਟੁਰਨ ਦੀ ਆਦੀ ਹੋਈ ਪਈ ਹੈ । ਇਸ ਵਿੱਚ ਭੌਂਅ ਚੌਂਅ ਕੇ ਮੁੜ ਗੱਲ ਨਿੱਜ ਵੱਲ ਹੀ ਆ ਖੜੋਂਦੀ ਏ । ਪਰੰਤੂ ਗੁਰੂ ਘਰ ਵਿੱਚ ਇਹਨਾਂ ਨਿਸਚਿਆਂ ਅਤੇ ਅੰਧਵਿਸ਼ਵਾਸ਼ਾਂ ਲਈ ਕੋਈ ਸਥਾਨ ਨਹੀਂ ਹੈ । ਇਥੇ ਸਿਮਰਨ, ਸੇਵਾ, ਕਰਮ ਅਤੇ ਸੱਚ ਦੀ ਵਡਿਆਈ ਦੀ ਗੱਲ ਕੀਤੀ ਗਈ ਹੈ । ਨਾਮ ਸਿਮਰਨ ਨਾਲ ਬਿਰਤੀ ਦਾ ਜੁੜਨਾਂ, ਸੇਵਾ ਤੇ ਘਾਲਨਾ ਕਰਦਿਆਂ ਸਮਾਜ ਵਿਚ ਭਾਗੀ ਹੋਣਾ ਅਤੇ ਸੱਚ ਦਾ ਵਤੀਰਾ ਕਰਦਿਆਂ ਸੱਚੀ ਤੇ ਸੁੱਚੀ ਕਿਰਤ ਕਮਾਈ ਕਰਨੀ ਜ਼ਰੂਰੀ ਹਨ । ਸਿੱਖ ਅਰਦਾਸ ਵਿਚ ਸਾਰੀ ਮਨੁਖ ਜਾਤੀ ਦੀ ਭਲਾਈ ਲਈ ਖਾਸ ਸਥਾਨ ਹੈ ਅਤੇ ਗੁਰੂ ਦੇ ਚਰਨਾਂ ਵਿਚ ਸੀਸ ਨਿਵਾਕੇ ਧੂੜ ਨੂੰ ਮੱਥੇ ਲਾਇਆ ਜਾਂਦਾ ਹੈ ।

ਵਿਗਿਆਨੀ ਦੇ ਜੀਵਨ ਵਿਚ ਲਗਨ, ਸਿਰੜ, ਘਾਲਣਾਂ, ਘੋਖ ਅਤੇ ਅੰਦਰ ਇਕ ਖੁੱਭੀ ਹੋਈ ਨੀਝ ਸੱਚ ਦੀ ਖੋਜ ਲਈ ਜੀਵਨ ਅਰਪਿਤ ਕਰ ਦੇਂਦੀ ਹੈ । ਉਸ ਵਿਚ ਇਕ ਆਸ਼ਾ ਦੀ ਕਿਰਨ ਹਮੇਸ਼ਾ ਜਗਦੀ ਤੇ ਜਾਗਦੀ ਰਹਿੰਦੀ ਹੈ । ਉਹ ਇਕ ਮਕਸਦ ਦੀ ਪ੍ਰਾਪਤੀ ਲਈ ਸਦਾ ਪ੍ਰਯਤਨਸ਼ੀਲ ਹੁੰਦੀ ਹੈ । ਉਸਦਾ ਗਿਆਨ ਕਿਸੇ ਮੁਹਾਰਨੀ ਤੋਂ ਸਫਰ ਸ਼ੁਰੂ ਕਰਦਾ ਹੋਇਆ ਆਪਣੇ ਕੀਤੇ ਹੋਏ ਤਜਰਬਿਆਂ ਦੇ ਨਤੀਜਿਆਂ ਨਾਲ ਹੋਰ ਵਿਕਸਤ ਹੁੰਦਾ ਕੁਝ ਅਸੂਲ ਘੜਦਾ ਹੈ । ਇਹਨਾਂ ਅਸੂਲਾਂ ਦੀ ਪੁਸ਼ਟੀ ਹੋਂਦ ਮਗਰੋਂ ਆਏ ਹੋਰ ਤਜਰਬੇ ਕਰਦੇ ਹਨ । ਕਿਸੇ ਅਵਸਥਾ ਤੇ ਇਹ ਗੂੜ ਗਿਆਨ ਦੇ ਪੁਸ਼ਟੀ ਨੁਕਤੇ ਬਣ ਜਾਂਦੇ ਹਨ । ਵਿਚਾਰਾਂ ਦੇ ਸੰਸਾਰ ਵਿਚ ਤਾਰੀਆਂ ਲਾਣ ਵਾਲੇ ਜਗਿਆਸੂਆਂ ਦੇ ਜੀਵਨ, ਸਾਧਨਾ, ਲਗਨ ਅਤੇ ਨਿਸ਼ਚੇ ਤੇ ਪ੍ਰਵੀਨ ਹੋ ਕੇ ਕੁਦਰਤ ਦੇ ਹੋਰ ਹਜ਼ਾਰਾਂ ਰਹਿਸ ਖੋਜਦੇ ਹੋਏ ਗਿਆਨੀ ਬਣ ਜਾਂਦੇ ਹਨ । ਇਹ ਗਿਆਨ ਹੀ ਮਨੁਖ ਦੀ ਭਟਕਣ ਨੂੰ ਸ਼ਾਂਤ ਕਰਨ ਲਈ ਤਿਆਗ ਵੱਲ ਪ੍ਰੇਰਿਤ ਕਰਦੇ ਹਨ । ਇਸ ਤੋਂ ਵਿਪਰੀਤ ਗੁਰੂ ਸਾਹਿਬਾਨ ਦੀ ਨੀਝ ਉਸ ਸਦੀਵੀ ਸੱਚ ਦੀ ਬਹੁਪੱਖੀ ਸੱਚੀ ਤਸਵੀਰ ਨੂੰ ਸਾਦੇ ਸ਼ਬਦਾਂ ਵਿਚ ਉਚਾਰ ਕੇ ਇਕ ਅਦੁੱਤੀ ਦਰਸ਼ਨ ਦੇ ਨੇੜੇ ਲੈ ਜਾਂਦੀ ਹੈ ਜਿਥੇ ਬਹੁਤੀਆਂ ਘੋਖਾਂ ("ਸਹਸ ਸਿਆਣਪਾ ਲਖ ਹੋਇ" ਜਪੁਜੀ) ਦੀ ਲੋੜ ਨਹੀਂ ਰਹਿੰਦੀ । ਉਹ ਦੀਦਾਰ ਕੇਵਲ ਮਹਿਸੂਸ ਕੀਤਾ ਜਾ ਸਕਦੈ । ਇਸ ਲਈ ਗੁਰੂ ਵਿਚਾਰਧਾਰਾ ਸਾਰੇ ਪੱਖਾਂ ਤੋਂ ਭਰਮ ਦੇ ਪੜਦੇ ਹਟਾ ਕੇ ਸੁੰਦਰ ਸੱਚ ਸਰੂਪ ਦੇ ਦੀਦਾਰੇ ਆਮ ਮਨੁਖ ਮਾਤਰ ਨੂੰ ਕਰਵਾਉਣ ਵਿਚ ਸਹਾਈ ਹੁੰਦੀ ਹੈ । ਇਹ ਦੀਦਾਰ ਆਤਮਾ ਦੇ ਬਹੁਪੱਖੀ ਸੰਸਕਾਰਾਂ ਕਾਰਨ ਸਮੂਹ ਸਰੀਰਕ ਅੰਗਾਂ ਵਿਚ ਆਨੰਦ ਦੀ ਅਵਸਥਾ ਨੂੰ ਮਹਿਸੂਸ ਕਰਾਂਦਾ ਹੈ । ਮਨੁੱਖ ਦਾ ਸਾਸ ਸਾਸ ਆਪ ਮੁਹਾਰੇ ਉਸ ਅਕਾਲ ਪੁਰਖ ਦੇ ਸੁੰਦਰ ਸਰੂਪ ਦਾ ਸਿਮਰਨ ਕਰਦਾ ਆਨੰਦਿਤ ਹੋਇਆ ਖਿੜ ਜਾਂਦਾ ਹੈ । ਮਨੁੱਖ ਦੇ ਚਿਹਰੇ ਤੇ ਅਜੀਬ ਜਲਾਲ, ਸਰੀਰ ਚੋਂ ਇੱਕ ਵਿਸ਼ੇਸ਼ ਮਹਿਕ ਅਤੇ ਬਾਣੀ ਚੋਂ ਮਾਖਿਓਂ ਜਹੀ ਮਿਠਾਸ ਸਰੋਤਿਆਂ ਦਾ ਅੰਦਰ ਠਾਰ

Accept the challenges, so that you may feel the exhilaration of victory

*ਅੰਮ੍ਰਿਤ ਕੀਰਤਨ ਦੇ ਪੁਰਾਣੇ ਅੰਕ ਜਿਲਦ-ਰੂਪ ਵਿੱਚ ਪ੍ਰਾਪਤ ਕਰਨ ਲਈ ਸੰਪਰਕ ਕਰੋ ।*

*'ਅੰਮ੍ਰਿਤ ਕੀਰਤਨ ਟ੍ਰਸਟ'*
*422, ਸੈਕਟਰ 15 ਏ,*
*ਚੰਡੀਗੜ੍ਹ-160 015*

ਦੇਂਦੀ ਹੈ । ਐਸੇ ਸਰੀਰ ਦੇ ਅੰਦਰ ਖਿੜੇ ਹੋਏ, ਉਮਾਹੇ ਅਤੇ ਦਰਸਾਏ ਹਿਰਦੇ ਵਿਚ ਅਦੁਤੀ ਪ੍ਰਕਾਸ਼ ਦਾ ਉਤਾਰਾ ਹੋ ਜਾਂਦਾ ਹੈ । ਨਿਰੰਕਾਰ ਦੀ ਸਾਖਸ਼ਾਤ ਅਕਾਲ ਮੂਰਤ ਦਸਮ ਦਵਾਰ ਖੋਹਲ ਦੇਂਦੀ ਹੈ । ਐਸੀ ਅਵਸਥਾ ਵਿੱਚ ਭੁੱਖ ਤਰੇਹ ਨੀਂਦਰ ਅਤੇ ਬਾਕੀ ਜ਼ਰੂਰਤਾਂ ਦੀ ਲੋੜ ਨਹੀਂ ਰਹਿੰਦੀ । ਐਸੇ ਜੀਵੜੇ ਤਾਂ ਸਾਸ ਸਾਸ ਗੋਵਿੰਦ ਸਿਮਰਦੇ ਹੋਏ, ਹਰ ਰੰਗ ਵਿਚ ਸ਼ੁਕਰ ਕਰਦੇ ਪ੍ਰਭੂ ਦੇ ਚਰਨਾਂ ਨਾਲ ਜੁੜੇ ਰਹਿੰਦੇ ਹਨ । ਐਸੇ ਸਿੱਖਾਂ ਦੀ ਸੱਚੀ ਤੇ ਸੁੱਚੀ ਘਾਲਣਾਂ ਹੀ ਸਰੀਰ ਦੇ ਬੰਦ ਬੰਦ ਕਟਵਾ ਕੇ ਵੀ ਸੀ ਤਕ ਨਹੀਂ ਉਚਰਦੀ । ਉਹ ਵਾਹਿਗੁਰੂ ਦੇ ਭਾਣੇ ਨੂੰ ਮਿਠਾ ਕਰਕੇ ਮੰਨਦੇ ਹਨ । ਸਰੀਰਾਂ ਤੇ ਤੱਤੀਆਂ ਰੇਤਾਂ ਦੇ ਕੜਛੇ, ਦੇਗਾਂ ਦੇ ਉਬਲਦੇ ਪਾਣੀ, ਲਾਲ ਸੁਹੀਆਂ ਲੋਹਾਂ ਕੁਝ ਅਸਰ ਨਹੀਂ ਕਰਦੀਆਂ । ਸਰੀਰ ਅਤੇ ਆਤਮਾਂ ਦੇ ਇਸ ਅਜੀਬ ਤਾਲਮੇਲ (Synchronisation) ਨੂੰ ਅਜੋਕੇ ਸਾਇੰਸਦਾਨ ਕਿਹੜੀ ਅਵਸਥਾ ਦੀ ਪਦਵੀ ਦੇ ਸਕਦੇ ਹਨ । ਕੀ ਮਨ ਵਸੀਭੂਤ ਕਰਨ ਵਾਲੀਆਂ ਸ਼ਕਤੀਆਂ ਦੇ ਅਭਿਆਸ ਖੰਡਨ ਨਹੀਂ ਹੁੰਦੇ । ਕੀ ਤਪੀਸਰ, ਜੋਗੀ, ਮੁਨੀ, ਜਤੀ, ਸਤੀ ਇਸ ਅਖੰਡਤਾਂ ਤੋਂ ਡੋਲੇ ਨਹੀਂ । ਜੇ ਮਨ ਵਿਚ ਕਾਮ, ਕਰੋਧ, ਲੋਭ, ਮੋਹ, ਅਹੰਕਾਰ ਦੇ ਅੰਸ਼ ਕਿਸੇ ਨਾ ਕਿਸੇ ਸਰੂਪ ਵਿਚ ਕਿਣਕਾ ਮਾਤਰ ਵੀ ਬਚੇ ਰਹਿ ਗਏ ਹਨ ਤਾਂ ਉਹ ਤਪੱਸਿਆ ਭੰਗ ਹੀ ਸਮਝੋ । ਇਸ ਲਈ ਗੁਰੂ ਸਾਹਿਬਾਨ ਦੇ ਚਲਾਏ ਮਾਰਗ ਵਿਚ ਮਨੁੱਖ ਦੀ ਸੋਚ ਦੀ ਸੀਮਾਂ ਨੂੰ ਵਿਚਾਰਿਆ ਗਿਆ ਹੈ ਅਤੇ ਇਸ ਦੀ ਥਾਂ ਮੁਕੱਰਰ ਕੀਤੀ ਹੈ । ਸੰਸਾਰ ਦੇ ਸਭੌਕੀ ਆਕਰਸ਼ਣ ਉਤਸਾਹਿਤ ਕੀਤੇ ਗਏ ਹਨ । ਪਰਵਾਰ ਦੇ ਖੁਸ਼ੀ ਗ਼ਮੀ ਖੇੜੇ ਨਖੇੜੇ ਜੀਵਨ ਵਿਚ ਉਚਿਤ ਸਥਾਨ ਪ੍ਰਾਪਤ ਕਰ ਸਕੇ ਹਨ । ਵਾਹਿਗੁਰੂ ਦਾ ਸਿਮਰਨ ਕਿਸੇ ਬੰਧਨ ਵਿਚ ਨਹੀਂ ਬੱਧਾ । ਭਾਵੇਂ ਗੁਰਸਿੱਖਾਂ ਲਈ ਨਿਤਨੇਮ ਅਤੇ ਹੋਰ ਪੂਜਾ ਪਾਠ, ਗੁਰਦਵਾਰੇ ਜਾਣਾ, ਸਾਧ ਸੰਗਤ ਵਿਚ ਬੈਠ ਕੇ ਗੁਰੂ ਵਿਚਾਰ ਸੁਣਣੇ, ਕੀਰਤਨ ਕਰਨਾ ਤੇ ਸੁਣਨਾ, ਸਰਬਤ ਦੇ ਭਲੇ ਲਈ ਅਰਦਾਸ ਕਰਨੀ ਆਦਿ ਨਿਯਮਬਧ ਕੁਝ ਪੂਰਨੇ ਵਾਹੇ ਗਏ ਹਨ । ਪਰ ਇਹਨਾਂ ਵਿਚ ਰੂੜੀ ਵਾਦ ਜਾਂ ਪਾਖੰਡ ਅਤੇ ਵਖਾਵੇ ਦੀ ਕੋਈ ਗੁੰਜਾਇਸ਼ ਨਹੀਂ ਰੱਖੀ । ਕਿਸੇ ਕਾਰਨ ਜੇ ਸਾਰੇ ਪਾਠ ਨਹੀਂ ਹੋਏ ਤਾਂ ਮੂਲਮੰਤਰ ਦਾ ਪਾਠ ਵੀ ਸਵੀਕਾਰ ਹੈ । ਕੇਵਲ "ਵਾਹਿਗੁਰੂ" ਅੱਖਰ ਵਿਚ ਹੀ ਸਾਰੀ ਤਰੈਲੋਕੀ ਦੇ ਪੁੰਨ ਬਖ਼ਸ਼ ਦਿੱਤੇ ਹਨ । ਸਿਮਰਨ ਦੇ ਨਾਲ ਸੇਵਾ, ਸਦਾਚਾਰ, ਸਰਬ ਮਨੁਖ ਮਾਤਰ ਦੀ ਭਲਾਈ ਲਈ ਅਰਦਾਸ ਕਰਨੀ ਜ਼ਰੂਰੀ ਅੰਗ ਹਨ ਸਿੱਖਾਂ ਦੇ ਧਾਰਮਕ ਪੱਖ ਦੇ ।

ਵਾਹਿਗੁਰੂ ਆਪ ਘਟ ਘਟ ਵਿਚ ਵਿਆਪ ਰਿਹਾ ਹੈ । ਮਨੁਖ ਦੀ ਅੰਸ ਜਦੋਂ ਤੋਂ ਹੋਂਦ ਵਿਚ ਆਈ ਹੈ, ਬ੍ਰਹਿਮੰਡ ਦੇ ਭੇਤ ਜਾਨਣ ਦੀ ਉਤਸਕ ਰਹੀ ਹੈ । ਆਦਿ ਕਾਲ ਤੋਂ ਨਵ ਜਨਮੇ ਬਾਲਾਂ ਭੋਲੇ ਦਿਮਾਗ਼, ਪਹਿਲੀ ਰੋਸ਼ਨੀ ਦੀ ਜਾਣਕਾਰੀ ਤੋਂ ਲੈ ਕੇ ਜੀਵਨ ਦੇ ਅੰਤ ਤਕ ਪ੍ਰਾਪਤ ਕੀਤੇ ਗਿਆਨ ਦੀ ਸੂਝ ਨਾਲ ਉਸ ਕਾਦਰ ਦੀ ਕਾਇਨਾਤ ਵਿਚ ਛੁੱਪੇ ਰਹਿਸਾਂ ਨੂੰ ਇਕ ਇਕ ਕਰਕੇ ਖੋਲਣ ਵਿਚ ਲੱਗੇ ਰਹੇ ਹਨ । ਮਨੁਖੀ ਦਿਮਾਗ਼ ਨੇ ਸਰੀਰ ਦੀ ਬਣਤਰ, ਕਾਰਜ ਪ੍ਰਣਾਲੀ ਅਤੇ ਦਿਮਾਗ਼ ਬਾਰੇ ਬੜਾ ਕੁਝ ਜਾਣ ਲਿਆ ਹੈ । ਵਾਹਿਗੁਰੂ ਦੇ ਘਟ ਘਟ ਵਿਚ ਘਟੇ ਹੋਣ ਦੀ ਗੱਲ ਵੀ ਮਨੁਖੀ ਦਿਮਾਗ਼ ਦੀ ਦੇਣ ਹੈ । ਗੁਰੂ ਸਾਹਿਬਾਨ ਨੇ ਕਿਸੇ ਵੀ ਵਿਚਾਰ ਵਿਚ ਆਪਣੇ ਆਪ ਨੂੰ ਮਨੁੱਖ ਨਾ ਹੋਣ ਬਾਰੇ ਕੋਈ ਵੀ ਸੂਚਕ ਨਹੀਂ ਦਿੱਤਾ । ਗੁਰੂ ਸਾਹਿਬ ਨੇ ਤਾਂ ਕਿਹਾ ਹੈ

*ਮੈਂ ਹਉਂ ਪਰਮ ਪੁਰਖ ਕਾ ਦਾਸਾ*
*ਦੇਖਨ ਆਇਓ ਜਗਤ ਤਮਾਸਾ (ਅਕਾਲ ਉਸਤਤਿ)*

ਜੇ ਸ਼ਰਧਾ ਦੇ ਮਾਰਗ ਤੋਂ ਪਾਸੇ ਵਲ ਖਲੋਤੇ ਤਰਕ ਵਲ ਤਕ ਲਈਏ ਤਾਂ ਗੁਰੂ ਸਾਹਿਬਾਨ ਦੇ ਸ਼ਬਦ ਜਿਨ੍ਹਾਂ ਵਿਚ ਅਕਾਲ ਪੁਰਖ ਦੀ ਉਸਤਤਿ ਦਾ ਵਰਨਣ

**The Sikh Courier**

88 Mollison Way, Edgware Middlesex
(Greator London) U.K.

**The Sikh Review**

116 Karnani Mansion
25-A, Park Steet, Calcutta 700016

ਹੈ, ਤਾਂ ਅਸੀਂ ਵੇਖਦੇ ਹਾਂ ਕਿ ਇਹ ਮਹਾਨ ਆਤਮਾਵਾਂ ਵਾਹਿਗੁਰੂ ਦਾ ਸਰੂਪ ਮਨੁੱਖੀ ਜਾਮੇ ਵਿਚ ਸਮਾਜ ਦੇ ਵਿਚ ਹਰ ਔਕੜ ਸਮੇਂ ਆਈਆਂ ਸਨ। ਗੁਰੂ ਸਾਹਿਬਾਨ ਤੋਂ ਪਹਿਲਾਂ ਦੇ ਸੰਤ, ਪੀਰ, ਪੈਗੰਬਰ, ਅਵਤਾਰ ਵੀ ਮਨੁੱਖੀ ਜਾਮੇ ਵਿਚ ਆਏ। ਉਹ ਸਾਰੇ ਕਿਸੇ ਨਾ ਕਿਸੇ ਪਰਵਾਰ ਵਿਚ ਵਿਧਿਆਤਮਕ ਢੰਗ ਨਾਲ ਸੰਸਾਰ ਵਿਚ ਆਏ। ਉਹਨਾਂ ਦਾ ਵਾਹਿਗੁਰੂ ਦੀ ਕੁਦਰਤ ਕਾਇਨਾਤ ਜਾਂ ਬ੍ਰਹਿਮੰਡ ਵਿੱਚ ਵਿਚਰਦੇ ਸੂਰਜ ਚੰਨ ਤਾਰਿਆਂ ਬਾਰੇ ਜੋ ਵਿਚਾਰ ਸੀ ਉਸ ਤੇ ਸਦੀਆਂ ਤੋਂ ਵਿਸ਼ਵਾਸ ਅਤੇ ਅਕੀਦੇ ਚਲਦੇ ਆਏ ਹਨ। ਗੁਰੂ ਸਾਹਿਬਾਨ ਦੇ ਸਾਹਮਣੇ ਇਹ ਵਿਚਾਰ ਵਿਦਮਾਨ ਸਨ। ਗੁਰੂ ਸਾਹਿਬਾਨ ਦੇ ਅੰਦਰ ਜੋ ਵਾਹਿਗੁਰੂ ਦੇ ਸਰੂਪ ਦਾ ਸੱਚਾ ਬਿਉਰਾ ਸਮੇਂ ਸਮੇਂ ਉਤਰਦਾ ਰਿਹਾ, ਉਸਨੂੰ ਗੁਰਬਾਣੀ ਵਿਚ ਦਰਜ ਕੀਤਾ ਗਿਆ। ਇਹੀ ਬ੍ਰਹਮ ਵਿਚਾਰ ਗੁਰੂ ਸਾਹਿਬਾਨ ਦੇ ਸਮੂਹ ਗਿਆਨ ਦਾ ਭੰਡਾਰ ਗੁਰੂ ਗ੍ਰੰਥ ਸਾਹਿਬ ਜਾਗਦੀ ਜੋਤ ਵਿੱਚ ਦਰਜ ਹੈ ਅਤੇ ਇਸ ਨੂੰ ਹੀ ਗੁਰੂ ਮੰਨਣ ਦਾ ਹੁਕਮ ਗੁਰੂ ਖਾਲਸੇ ਨੂੰ ਹੈ। ਇਸ ਦੇ ਨਾਲ ਦੂਜੇ ਧਰਮਾਂ ਦੇ ਸੰਤਾਂ, ਫਕੀਰਾਂ, ਪੀਰਾਂ ਦੀ ਬਾਣੀ ਨੂੰ ਵੀ ਦਰਜ ਕਰਕੇ ਸੰਪੂਰਨ ਮਨੁੱਖ ਜਾਤੀ ਦੇ ਇਸ ਮਹਾਨ ਗ੍ਰੰਥ ਨੂੰ ਅੱਜ ਸਾਰੀ ਮਨੁੱਖ ਜਾਤੀ ਪ੍ਰਣਾਮ ਕਰਦੀ ਹੈ।

ਭਾਰਤ ਸੰਸਾਰ ਦੇ ਸਾਰੇ ਮੁਲਕਾਂ ਵਿਚੋਂ ਵਾਹਿਦ ਐਸਾ ਮੁਲਕ ਹੈ ਜਿੱਥੇ ਮਾਨਸ ਜਾਤੀ ਦੇ ਵਿਕਾਸ ਦੇ ਪਹਿਲੇ ਚਿੰਨ੍ਹ ਕਈ ਸੱਭਿਆਤਾਵਾਂ ਦਾ ਰੂਪ ਲੈ ਕੇ ਉਭਰੇ ਹਨ। ਮਨੁੱਖ ਦੇ ਜੰਗਲੀ ਸਰੂਪ ਤੋਂ ਲੈ ਕੇ ਪ੍ਰਗਤੀ ਦੇ ਹਰ ਉੱਦਮ ਵਿਚ ਇਸ ਵਿਸ਼ਾਲ ਖਿੱਤੇ ਦਾ ਮਹੱਤਵਪੂਰਨ ਹਿੱਸਾ ਹੈ। ਇਸਨੂੰ ਉਗਦੇ ਸੂਰਜ ਦਾ ਦੇਸ਼, ਸੋਨੇ ਦੀ ਚਿੜੀ ਅਤੇ ਗਿਆਨ ਵਿਗਿਆਨ ਦੇ ਪਹਿਲੇ ਤਜਰਬਿਆਂ ਦੀ ਧਰਤੀ ਵੀ ਕਿਹਾ ਜਾਂਦਾ ਹੈ। ਸੰਸਾਰ ਦੇ ਦੂਜੇ ਹਿੱਸਿਆਂ ਵਿੱਚ ਵੀ ਕਈ ਤਹਿਜ਼ੀਬਾਂ ਨੇ ਜਨਮ ਲਿਆ। ਹੌਲੀ ਹੌਲੀ ਮਨੁੱਖ ਨੇ ਏਨਾ ਵਿਕਾਸ ਕਰ ਲਿਆ ਕਿ ਉਹ ਦੂਰ ਦੂਰ ਤਕ ਖੋਜੀ ਬਣਿਆ ਤਾਣੇ ਪੇਟੇ ਬੁਣਦਾ ਰਿਹਾ। ਅੱਜ ਦਾ ਮਨੁਖ ਸੰਸਾਰ ਦੇ ਬਹੁਤੇ ਹਿੱਸਿਆ ਵਿਚ ਕਿਸੇ ਵਿਸ਼ੇਸ਼ ਮਾਨਸਿਕ ਅਵਸਥਾ ਵਿਚ ਆਇਆ ਹੋਇਆ ਵਾਹਿਗੁਰੂ ਦੀ ਹੋਂਦ ਅਤੇ ਉਸ ਦੀ ਸ੍ਰਿਸ਼ਟੀ ਵਿਚ ਫੈਲੇ ਅਥਾਹ ਵਿਸਥਾਰਾਂ ਨੂੰ ਮੰਨਣ ਲਈ ਰਾਜ਼ੀ ਨਹੀਂ। ਮਨੁੱਖੀ ਸੱਭਿਅਤਾ ਦੇ ਲੰਮੇ ਸਫਰ ਨੇ ਕਈ ਵਿਚਾਰਧਾਰਾਵਾਂ ਸਮੇਂ ਸਮੇਂ ਤੇ ਪ੍ਰਗਟ ਕੀਤੀਆਂ ਹਨ। ਸਿੱਖ ਧਰਮ ਦੀ ਉਮਰ ਸਭ ਤੋਂ ਘਟ ਹੈ। ਜਾਂ ਇਹ ਕਹੋ ਕਿ ਸੰਸਾਰ ਦੇ ਸਾਰੇ ਆ ਚੁਕੇ ਵਿਚਾਰਾਂ ਵਿੱਚ ਗੁਰੂ ਵਿਚਾਰਧਾਰਾ ਨਵੀਨਤਮ, ਸਰਬ ਵਿਆਪੀ ਸੱਚ ਅਤੇ ਸਾਰੀ ਮਨੁੱਖ ਜਾਤੀ ਦੀ ਸਾਂਝੀ ਗੱਲ ਕਰਦੀ ਹੋਈ ਸਾਡੇ ਸਾਹਮਣੇ ਖਲੋਤੀ ਹੈ। ਇਸ ਵਿਚਾਰਧਾਰਾ ਦੇ ਮੰਨਣ ਵਾਲੇ ਕਿਸੇ ਆਡੰਬਰ ਭੇਖ, ਭਓ ਜਾਂ ਕਰਾਮਾਤ ਦੇ ਅਧੀਨ ਨਹੀਂ ਬਲਕਿ ਸਵਤੰਤਰ ਵਿਚਾਰਧਾਰਾ ਦੇ ਮਾਲਕ ਹਨ। ਵਾਹਿਗੁਰੂ ਦੀ ਹੋਂਦ ਅਤੇ ਸਰਵ ਸ੍ਰਿਸ਼ਟੀ ਵਿਚ ਵਿਦਮਾਨ ਪ੍ਰਮਾਤਮਾਂ ਦੇ ਸਰਵ ਵਿਆਪੀ ਸਰੂਪ ਨੂੰ ਮੱਥਾ ਟੇਕਣ ਵਾਲੇ ਸੰਸਾਰੀ ਗ੍ਰਹਿਸਤੀਆਂ ਦੇ ਭੋਲੇ ਰੂਪ ਇਕੱਤਰ ਹੋਏ ਵਾਹਿਗੁਰੂ ਦੀ ਮਹਿਮਾਂ ਗਾਇਨ ਕਰਦੇ ਹਨ। ਇਹ ਲੋਕ ਭਲਾ ਕਰਦੇ, ਭਲਾ ਮੰਗਦੇ ਅਤੇ ਵਾਹਿਗੁਰੂ ਦੇ ਭਾਣੇ ਮੰਨਣ ਵਾਲੇ ਥੋਹੜੇ ਨੂੰ ਬਹੁਤਾ ਜਾਣ ਗੁਜ਼ਾਰਾ ਕਰਨ ਵਾਲੇ ਸਿਦਕਵਾਨ ਸਿੱਖ ਹਨ। ਧਰਤੀ ਤੇ ਖੋਹੀ ਮੋਹੀ, ਰੱਜ ਕੇ ਹੱਥਿਆਉਣ ਦੀ ਹੋੜ, ਈਰਖਾ ਲਾਲਸਾ ਅਤੇ ਕੂੜਾ ਵਪਾਰ ਮਨੁਖ ਜਾਤੀ ਦੀ ਸਾਖ ਤੇ ਗ੍ਰਹਿਣ ਹੈ। ਸਮਾਂ ਕਹਿ ਰਿਹਾ ਹੈ ਕਿ ਸਾਰੇ ਮਾਨਸ ਗੁਰੂ ਸਾਹਿਬਾਨ ਦੇ ਦਰਸਾਏ ਮਾਰਗ ਤੇ ਚਲ ਕੇ ਇਸ ਧਰਤੀ ਤੋਂ ਅਰਾਜਕਤਾ, ਬੇਈਮਾਨੀ, ਧੋਖਾ, ਧੜੇਬਾਜੀ, ਈਰਖਾ ਆਦਿ ਪ੍ਰਵਰਤੀਆਂ ਦਾ ਨਾਸ ਕਰਨ ਲਈ ਗੁਰੂ ਵਿਚਾਰ ਧਾਮ ਚ ਇਸ਼ਨਾਨ ਕਰਕੇ ਸਮਸਤ ਮਾਨੁੱਖਤਾ ਲਈ ਇਕ ਅਵਾਜ਼ ਹੋ ਕੇ ਬੋਲਣ :

"ਏਕ ਪਿਤਾ ਏਕਸ ਕੇ ਹਮ ਬਰਿਕ"

---

**ਗੁਰਬਾਣੀ ਸੰਗੀਤ ਦੇ ਵਿਦਿਆਰਥੀਆਂ ਲਈ**

*ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬਾਰ੍ਹਵੀਂ ਸ਼੍ਰੇਣੀ ਗੁਰਬਾਣੀ ਸੰਗੀਤ ਦੀ ਪ੍ਰੀਖਿਆ ਪਾਸ ਕਰਨ ਵਾਲੇ ਚੋਣਵੇਂ ਵਿਦਿਆਰਥੀਆਂ ਨੂੰ 'ਅੰਮ੍ਰਿਤ ਕੀਰਤਨ ਟ੍ਰਸਟ' ਅਤੇ ਹੋਰ ਸੰਸਥਾਵਾਂ ਵਲੋਂ ਸਨਮਾਨਿਤ ਕਰਨ ਦਾ ਵਿਚਾਰ ਹੈ। ਸੋ ਪਿਛਲੇ ਸਾਲਾਂ ਵਿੱਚ ਇਹ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀ ਆਪਣੇ ਬਾਰਵੀਂ ਸ਼੍ਰੇਣੀ ਦੇ ਡਿਟੇਲ ਮਾਕਰਸ ਕਾਰਡ ਦੀਆਂ ਤਸਦੀਕਸ਼ੁਦਾ ਕਾਪੀਆਂ ਆਪਣੇ ਜੀਵਨ ਵੇਰਵੇ ਸਹਿਤ ਸਾਨੂੰ ਭੇਜਣ ਦੀ ਕਿਰਪਾ ਕਰਨ।*

*ਸੰਪਾਦਕ*

*'ਅੰਮ੍ਰਿਤ ਕੀਰਤਨ' , 422, ਸੈਕਟਰ 15-ਏ, ਚੰਡੀਗੜ੍ਹ*

## ਪੰਜਾਬੀ ਟ੍ਰਿਬਿਊਨ ਦਾ ਅੱਠਵਾਂ ਕਾਲਮ

# ਪੰਜਾਬੀ ਬੋਲੀਏ ! ਤੇਰਾ ਕੋਈ ਨਾ ਬੇਲੀ ।

ਇਸ ਸਮੇਂ ਪੰਜਾਬੀ ਦੇ ਦੋ ਮਾਸਿਕ ਮੈਗਜ਼ੀਨ ਗੰਭੀਰ ਆਖੇ ਜਾ ਸਕਦੇ ਹਨ- ਇੱਕ ਆਰਸੀ ਤੇ ਦੂਜਾ ਪ੍ਰੀਤਲੜੀ । ਦੋਹਾਂ ਦੀ ਗੰਭੀਰਤਾ ਵੱਖਰੀ ਕਿਸਮ ਦੀ ਹੈ । 'ਆਰਸੀ' ਵਾਲੇ ਯਥਾਰਥ ਦੇ ਵਧੇਰੇ ਨੇੜੇ ਰਹਿਣਾ ਚਾਹੁੰਦੇ ਹਨ ਜਦ ਕਿ 'ਪ੍ਰੀਤਲੜੀ' ਵਾਲੇ ਆਦਰਸ਼ਕ ਰੰਗ ਵਿਚ ਰੰਗੇ ਰਹਿਣਾ ਵਧੇਰੇ ਬੇਹਤਰ ਸਮਝਦੇ ਹਨ । ਪ੍ਰੀਤਲੜੀ ਨੂੰ ਅੱਜ ਕੱਲ੍ਹ ਸ੍ਰੀ ਗੁਰਬਖਸ਼ ਸਿੰਘ ਦੀ ਪੋਤ ਨੂੰਹ ਪੂਨਮ ਸਿੰਘ ਜਾਰੀ ਰੱਖ ਰਹੀ ਹੈ । ਇਹ ਕੁੜੀ ਸੁਪਨਿਆਂ ਨੂੰ ਪਿਆਰ ਕਰਦੀ ਹੈ ਅਤੇ ਉਸੇ ਰੰਗ ਵਿਚ ਸਮਾਜ ਦੇ ਭਿੰਨ ਭਿੰਨ ਵਰਤਾਰਿਆਂ ਦੀ ਵਿਆਖਿਆ ਕਰਦੀ ਹੈ । ਉਸ ਦੇ ਇਸ ਸ਼ੌਕ ਦੀ ਝਲਕ ਅਕਸਰ ਸੰਪਾਦਕੀ ਵਿੱਚੋਂ ਵੀ ਮਿਲ ਜਾਂਦੀ ਹੈ ਅਤੇ ਉਸ ਦੇ ਚੁਣੇ ਲੇਖਾਂ ਵਿੱਚੋਂ ਵੀ । ਜੁਲਾਈ ਦੇ ਸੰਪਾਦਕੀ ਵਿਚ ਉਹ 'ਮੌਤ' ਦੇ ਅਤੀ ਗੰਭੀਰ ਵਿਸ਼ੇ ਨੂੰ ਛੂਹ ਰਹੀ ਹੈ । ਪਰ ਛੂਹ ਹੀ ਰਹੀ ਹੈ । ਕੁਝ ਗੰਭੀਰ ਨੁਕਤੇ ਉਠਾ ਕੇ ਫਿਰ ਕਿਸੇ ਹੋਰ ਪਾਸੇ ਨਿਕਲ ਜਾਂਦੀ ਹੈ ਅੱਠਵੇਂ ਕਾਲਮ ਵਾਂਗ । ਜਾਪਦਾ ਹੈ ਉਸ ਦੇ ਮਨ ਦਾ ਇੱਕ ਹਿੱਸਾ ਉਸ ਨੂੰ ਅੰਮ੍ਰਿਤਾ ਪ੍ਰੀਤਮ ਦੇ ਰਸਾਲੇ 'ਨਾਗਮਣੀ' ਵੱਲ ਧੂਹੀ ਜਾ ਰਿਹਾ ਹੈ । ਸਵਾਲ ਇਹ ਨਹੀਂ ਕਿ ਇਹ ਚੰਗਾ ਹੈ ਜਾਂ ਮਾੜਾ ਹੈ । ਖੁਸ਼ੀ ਤਾਂ ਇਸ ਗੱਲ ਦੀ ਹੈ ਕਿ ਕੁੜੀਆਂ ਚਿੱੜੀਆਂ ਨੂੰ ਵੀ ਫਿਲਾਸਫੀ ਦੇ ਬੁਨਿਆਦੀ ਸਵਾਲਾਂ ਨੇ ਘੇਰੇ ਲਿਆ ਹੈ । ਇਸੇ ਪੂਨਮ ਸਿੰਘ ਨੇ ਮਨੋਵਿਗਿਆਨ ਦੇ ਅਤਿ ਗਹਿਰ ਗੰਭੀਰ ਲੇਖ ਅਤੀ ਸੁੰਦਰ ਤੇ ਸਾਦੀ ਬੋਲੀ ਵਿਚ ਛਾਪੇ ਸਨ ਅਤੇ ਉਨ੍ਹਾਂ ਲੇਖਾਂ ਦੀ ਗਹਿਰਾਈ ਨੂੰ ਵੀ ਮਰਨ ਨਹੀਂ ਸੀ ਦਿੱਤਾ । 'ਪ੍ਰੀਤਲੜੀ' ਕੁਝ ਕੁਝ 'ਰੀਡਰਜ਼ ਡਾਈਜੈਸਟ' ਨਾਂਅ ਦੇ ਅੰਗਰੇਜ਼ੀ ਮੈਗਜ਼ੀਨ ਤੋਂ ਵੀ ਪ੍ਰੇਰਨਾ ਲੈਂਦੀ ਜਾਪਦੀ ਹੈ ।

'ਰੀਡਰਜ਼ ਡਾਈਜੈਸਟ' ਜਿੰਨਾ ਪਿਆਰਾ ਮੈਗਜ਼ੀਨ ਹੈ ਅਤੇ ਅੰਗਰੇਜ਼ੀ ਪਾਠਕ ਇਸ ਉਤੇ ਮਰਦੇ ਕਿਉਂ ਹਨ ਅਤੇ ਇਸ ਦੇ ਸੰਪਾਦਕਾਂ ਦੀ ਸ਼ਾਨ ਤੇ ਲਗਨ ਕਿਹੋ ਜਿਹੀ ਹੈ ਅਤੇ ਇਹ ਬਰਕਰਾਰ ਕਿਉਂ ਹੈ, ਇਸ ਬਾਰੇ ਜਦੋਂ ਤੁਹਾਨੂੰ ਦੱਸਿਆ ਤਾਂ ਤੁਹਾਨੂੰ ਗੁੱਸਾ ਵੀ ਆਏਗਾ, ਝੋਰਾ ਵੀ ਹੋਵੇਗਾ, ਉਦਾਸ ਵੀ ਹੋਵੇਗੇ ਅਤੇ ਕਿਸੇ ਬੇਵੱਸ ਰੀਝ ਵਿਚੋਂ ਬੋਲ ਉਠੋਗੇ: ਕੀ ਕਦੇ ਪੰਜਾਬੀ ਵਿੱਚ ਵੀ ਇਹੋ ਜਿਹੇ ਮੈਗਜ਼ੀਨ ਨਿਕਲਣਗੇ ?

ਦੋਸਤੋ ! ਜਦੋਂ ਤੁਸੀਂ ਇਹੋ ਜਿਹੀਆਂ ਰੀਝਾਂ ਦਾ ਮੇਲਾ ਲਾਉਂਦੇ ਹੋ ਤਾਂ ਜੀਅ ਕਰਦੈ ਇੱਕ ਵਾਰ ਤਾਂ ਗਾਲ੍ਹਾਂ ਦਾ ਮੀਂਹ ਵਰ੍ਹਾ ਦਈਏ । ਤੁਸੀਂ ਦੱਸੋ ਭਲਿਓ ਮਾਣਸੋ ! ਅਖਬਾਰਾਂ ਤਾਂ ਤੁਸੀਂ ਮੰਗ ਕੇ ਪੜ੍ਹਦੇ ਹੋ, ਬੋਤਲ ਉਤੇ ਪੈਸੇ ਖਰਚਣ ਲਈ ਮਿੰਟ ਨਹੀਂ ਲਾਉਂਦੇ, ਧੜਿਆਂ ਵਾਲੀ ਸਿਆਸਤ ਵਿਚ ਵੀ ਸੁਖ ਨਾਲ ਮਾਇਆ ਦੀ ਵਾਛੜ ਕਰ ਦਿੰਦੇ ਹੋ, ਪਰ ਆਪਣੇ


**ਗੁਰੂ ਗੋਬਿੰਦ ਸਿੰਘ ਰਾਗ-ਰਤਨਾਵਲੀ**

*ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿੱਚੋਂ 50 ਸ਼ਬਦਾਂ ਦੀਆਂ ਪ੍ਰੋ. ਤਾਰਾ ਸਿੰਘ ਜੀ ਦੀਆਂ ਵੱਖ-ਵੱਖ ਰਾਗਾਂ ਵਿੱਚ ਰਚੀਆਂ ਨਿਵੇਕਲੀਆਂ ਸੁਰ ਲਿਪੀਆਂ ।*

*ਇਸ ਪੁਸਤਕ ਕੀਰਤਨੀਆਂ ਅਤੇ ਸੰਗੀਤ ਵਿਦਿਆਰਥੀਆਂ ਲਈ ਬੜੀ ਲਾਹੇਵੰਦ ਸਾਬਤ ਹੋਵੇਗੀ ।*

*ਸੰਪਾਦਕ : ਸ੍ਰੀਮਤੀ ਸੁਰਜੀਤ ਕੌਰ ਸੁਪਤਨੀ ਪ੍ਰੋ. ਤਾਰਾ ਸਿੰਘ । ਡਾ. ਗੁਰਨਾਮ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ*

*ਪ੍ਰਕਾਸ਼ਕ : ਅੰਮ੍ਰਿਤ ਕੀਰਤ ਟ੍ਰਸਟ ਕੀਮਤ : ਸਜਿਲਦ-70 ਰੁ. ਪੇਪਰ ਬੈਕ : 50 ਰੁ.*

*422, ਸੈਕਟਰ 15-ਏ, ਚੰਡੀਗੜ੍ਹ-160 015*

ਜੁਆਕ ਨੂੰ ਪੰਜਾਬੀ ਦਾ ਕੋਈ ਮੈਗਜ਼ੀਨ ਖਰੀਦਣ ਵਿਚ ਬੋਨ੍ਹੂੰ ਜਿਹੜੀ ਬੀਮਾਰੀ ਲਗਦੀ ਹੈ, ਕੀ ਅੱਠਵੇਂ ਕਾਲਮ ਨੂੰ ਉਸ ਬੀਮਾਰੀ ਦਾ ਨਾਂ ਦੱਸੋਗੇ ?

ਦੋਸਤੋ! ਬੋਲੀਆਂ ਇਵੇਂ ਨਹੀਂ ਅਮੀਰ ਹੁੰਦੀਆਂ । ਇਸ ਲਈ ਘਾਲਣਾ ਘਾਲਣੀਆਂ ਪੈਂਦੀਆਂ ਹਨ । ਜੁਆਕ ਥੋਡੇ ਪੜ੍ਹਨ ਅੰਗਰੇਜ਼ੀ ਸਕੂਲਾਂ ਵਿੱਚ, ਉਹ ਪੰਜਾਬੀ ਨੂੰ ਕਰਨ ਨਫਰਤ ਤੇ ਘਰ ਵਿੱਚ ਬੋਲਣ ਬੜੇ ਮਾਣ ਨਾਲ ਹਿੰਦੀ ਅਤੇ ਪੰਜਾਬੀ ਬੋਲੀ ਦੇ ਨਾਂ 'ਤੇ ਬਣੀ ਅਕਾਲੀਆਂ ਦੀ ਸਰਕਾਰ ਨੂੰ ਹੀ ਪੰਜਾਬੀ ਲਾਗੂ ਕਰਨ ਤੋਂ ਹੋਵੇ ਚਿੜ੍ਹ ਤਾਂ ਤੁਸੀਂ ਦੋਸਤੋ! ਆਪਣੀ ਹੋਂਦ ਨੂੰ ਖਤਮ ਕਰਨ ਦਾ ਸਾਮਾਨ ਤਾਂ ਖੁਦ ਹੀ ਤਿਆਰ ਕਰ ਲਿਆ ਹੈ । ਜਿਸਮਾਨੀ ਮੌਤ ਲਈ ਤਾਂ ਭਾਵੇਂ ਅਜੇ ਦੇਰ ਲੱਗ ਜਾਏ ਅਤੇ ਉਸ ਮੌਤ ਲਈ ਤਾਂ ਰੱਬ ਜ਼ਿੰਮੇਵਾਰ ਹੋ ਸਕਦਾ ਹੈ । ਪਰ ਸਭਿਆਚਾਰਕ ਮੌਤ ਨੂੰ ਸਹੇੜਨ ਦਾ ਇਲਜ਼ਾਮ ਤਾਂ ਤੁਹਾਡੇ ਉੱਤੇ ਹੀ ਲੱਗੇਗਾ ।

ਕੀ ਪਤਾ ਹੈ ਤੁਹਾਨੂੰ ਬੰਗਾਲੀ, ਤਾਮਿਲ ਤੇ ਮਰਾਠੀ ਬੋਲੀਆਂ ਦਾ ਹਾਲ? ਇੱਕ ਇੱਕ ਅਖਬਾਰ 5-5 ਲੱਖ ਛਪਦਾ ਹੈ ਯਾਨੀ ਅੰਗਰੇਜ਼ੀ ਦੇ ਕਿਸੇ ਅਖ਼ਬਾਰ ਨਾਲੋਂ ਵੀ ਜ਼ਿਆਦਾ । ਤੇ ਨਾਲੇ ਪਤਾ ਹੈ ਪੰਜਾਬੀ ਦੇ ਅਖਬਾਰ ਕਿੱਥੇ ਹਨ ? ਕੇਵਲ ਇੱਕ ਅਖਬਾਰ ਅਤੇ ਉਹ ਵੀ ਮਸੀਂ ਮਸੀਂ ਤੇ ਸ਼ਾਇਦ ਦੋ ਲੱਖ ਹੀ ਟੱਪਿਆ ਹੈ । ਜਿਹੜੇ ਲਲ੍ਹਰ ਤੁਸਾਂ ਲਾਏ ਹਨ, ਉਹ ਸਾਥੋਂ ਭੁੱਲੇ ਨਹੀਂ ।

ਪ੍ਰੀਤਲੜੀ, ਆਰਸੀ, ਨਾਗਮਣੀ, ਅਕਸ, ਲਕੀਰ, ਅਜੋਕੇ ਸ਼ਿਲਾਲੇਖ, ਕਹਾਣੀ ਪੰਜਾਬ, ਸਿਰਜਣਾ, ਸਿਰਨਾਵਾਂ, ਕਲਾਕਾਰ, ਕੌਮਾਂਤਰੀ ਪੰਜ ਦਰਿਆ, ਦੇਸ਼ ਪੰਜਾਬ, ਪੰਜਾਬ ਟੂਡੇ, ਗਰੇਟ ਲਾਈਫ, ਹਰਕਾਰਾ ਵਰਗੇ ਮੈਗਜ਼ੀਨ ਜੋ ਨਿਕਲ ਰਹੇ ਹਨ ਤਾਂ ਧੰਨ ਹਨ ਇਨ੍ਹਾਂ ਅਖ਼ਬਾਰਾਂ ਦੇ ਸੰਪਾਦਕ ਜੋ ਆਪਣੀ ਝੁੱਗੀ ਨੂੰ ਅੱਗ ਲਾ ਕੇ ਖੁਦ ਹੀ ਤਮਾਸ਼ਾ ਦੇਖ ਰਹੇ ਹਨ । ਤੁਸੀਂ ਤਾਂ ਆਪਣੀ ਜੇਬ ਨੂੰ ਹੈਰੀਸਨ ਦੇ ਜੰਦਰੇ ਲਾਏ ਹੋਏ ਹਨ । ਕੁਝ ਸੰਗ ਸ਼ਰਮ ਜੇ ਅਜੇ ਵੀ ਹੈ ਤਾਂ ਘੱਟੋ ਘੱਟ ਪੰਜਾਬੀ ਦੀ ਇੱਕ ਮੈਗਜ਼ੀਨ ਹਰ ਮਹੀਨੇ ਆਪਣੇ ਜੁਆਕਾਂ ਦੇ ਮੱਥੇ ਛੁਹਾਇਆ ਕਰੋ । ਤੁਹਾਡੀਆਂ ਕਬਰਾਂ ਨੂੰ ਸਲਾਮ ਕਰਿਆ ਕਰਨਗੇ ।

ਗੱਲ ਪ੍ਰੀਤਲੜੀ ਦੀ ਚੱਲ ਰਹੀ ਸੀ ਰੋਜ਼ ਵਾਂਗ ਕਿਸੇ ਹੋਰ ਹੀ ਪਾਸੇ ਨਿਕਲ ਗਈ । ਦੋਸਤੋ! ਜੇ ਜ਼ਿੰਦਗੀ ਦੀ ਉਦਾਸੀ ਵਿੱਚ ਖੂਬਸੂਰਤੀ ਵੀ ਹੁੰਦੀ ਹੈ ਤਾਂ ਇਸ ਉਦਾਸ ਸੁਹੱਪਣ ਦੀ ਤਸਵੀਰ ਪ੍ਰੀਤਲੜੀ ਦੇ ਪਹਿਲੇ ਪੰਨੇ ਉਤੇ ਦੇਖੀ ਜਾ ਸਕਦੀ ਹੈ । ਇਸ ਦੇ ਕਲਾਕਾਰ ਦਾ ਨਾਂ ਪਤਾ ਨਹੀਂ ਲੱਗ ਸਕਿਆ । ਇਸ ਦੀ ਐਡੀਟਰ ਕੁੜੀ ਪੂਨਮ ਸਿੰਘ ਨੂੰ ਮੁਬਾਰਕ, ਪਰ ਨਾਲ ਹੀ ਇੱਕ ਸਵਾਲ । ਪੰਜਾਬ ਦੇ ਦਰਦ ਦਾ ਇੱਕੋ ਪਹਿਲੂ ਜਦੋਂ ਉਹ ਰੌਸ਼ਨ ਕਰਦੀ ਹੈ ਤਾਂ ਜਿਹੜੇ ਪਹਿਲੂ ਹਨੇਰੇ ਵਿੱਚ ਰਹਿ ਜਾਂਦੇ ਹਨ ਕੀ ਉਨ੍ਹਾਂ ਦੀ ਮਹੱਤਤਾ ਤੇ ਉਨ੍ਹਾਂ ਹਨੇਰਿਆਂ ਦਾ ਦਰਦ ਉਸ ਦੀ ਸੋਚ ਉੱਤੇ ਕਦੇ ਬੋਝ ਨਹੀਂ ਬਣਦਾ । ਕੀ ਕਦੇ ਕਦੇ ਹਨੇਰੇ ਨੂੰ ਵੀ ਨਮਸਕਾਰ ਕਰਨ ਲਈ ਦਿਲ ਵੱਡਾ ਨਹੀਂ ਕੀਤਾ ਜਾਣਾ ਚਾਹੀਦਾ ? ਜਵਾਬ ਏਨਾ ਗੰਭੀਰ ਹੋਵੇ ਕਿ ਨਿਰਪੱਖਤਾ ਤੇ ਸਮਦਰਸ਼ੀ ਨਿਗਾਹਾਂ ਵੀ ਸ਼ਰਮਿੰਦੀਆ ਹੋ ਕੇ ਰਹਿ ਜਾਣ ।

*(11 ਜੁਲਾਈ 1997 ਦੇ ਪੰਜਾਬੀ ਟ੍ਰਿਬਿਊਨ ਵਿੱਚੋਂ ਧੰਨਵਾਦ ਸਹਿਤ)*


ਮਾਤਾ ਗੁਜਰੀ ਬਿਰਧ ਘਰ ਅਤੇ ਅਨਾਥ ਆਸ਼ਰਮ

*(ਵਲੋਂ ਨਿਸ਼ਕਾਮ ਸਿੱਖ ਵੈਲਫੇਅਰ ਕੌਂਸਿਲ)*

*ਗਿਲ ਫਾਰਮ, ਪਿੰਡ ਖਾਨਪੁਰ, ਖਰੜ, ਰੋਪੜ - ਫੋਨ : 855741, 855730*

*ਏਥੇ 25 ਬਜ਼ੁਰਗਾਂ ਤੇ 25 ਅਨਾਥ ਜਾਂ ਗਰੀਬ ਬੱਚਿਆਂ ਦੀ ਸੇਵਾ ਸੰਭਾਲ ਦਾ ਪ੍ਰਬੰਧ ਬੜੇ ਸੁਚੱਜੇ ਤਰੀਕੇ ਨਾਲ ਕੀਤਾ ਗਿਆ ਹੈ । ਲੋੜਵੰਦ ਸਿੱਧੇ ਜਾਂ ਹੇਠ ਲਿਖੇ ਪਤੇ ਤੇ ਸੰਪਰਕ ਕਰੋ :*

*ਸ. ਹਰੀ ਸਿੰਘ, 307, ਸੈਕਟਰ 35-ਏ, ਚੰਡੀਗੜ੍ਹ ਫੋਨ : 601947*

ਜਗਜੀਤ ਸਿੰਘ ਜਾਬੇਵਾਲ

# ਇਕ ਇਹ ਭੀ ਰਾਗੀ ਸਨ

ਸਾਹੀਵਾਲ ਦਾ ਨਾਂ ਪੰਜਾਬ ਦੇ ਗਵਰਨਰ, ਸਰ ਰਾਬਰਟ ਮਿੰਟਗੁਮਰੀ ਦੇ ਨਾਂ ਤੇ ਮਿੰਟਗੁਮਰੀ ਰੱਖਿਆ ਗਿਆ ਸੀ । ਸ੍ਰ. ਸ਼ਾਮ ਸਿੰਘ ਜੋ ਕਿ ਇੱਕ ਮੱਧ ਵਰਗ ਦੇ ਦੁਕਾਨਦਾਰ, ਸਾਹੀਵਾਲ ਦੇ ਵੀਹ ਮੀਲ ਪੂਰਬ ਵੱਲ ਵੱਸੇ ਗੁਗਰੇਲਾ ਪਿੰਡ ਵਿੱਚ ਦੁਕਾਨ ਕਰਦੇ ਸਨ । ਅਪਰ ਦੁਆਬ ਨਹਿਰ ਤੇ ਲਾਹੌਰ ਮੁਲਤਾਨ ਰੇਲਵੇ ਲਾਇਨ ਦੇ ਆਉਣ ਤੇ ਇਹ ਇਲਾਕਾ ਗੰਜੀ ਬਾਰ ਕਰਕੇ ਪ੍ਰਸਿੱਧ ਹੋ ਗਿਆ । ਜ਼ਮੀਨਾਂ ਦਾ ਉਦੋਂ ਕੋਈ ਮੁਲ ਨਹੀਂ ਸੀ । ਇੱਕ ਪੈਸੇ ਦੇ ਕੋਰੇ ਕਾਗਜ਼ ਤੇ ਇੱਕ ਆਨੇ ਦੀ ਟਿਕਟ ਲਾ, ਅਰਜ਼ੀ ਦੇ ਕੇ ਮੂੰਹ ਮੰਗੀ ਜ਼ਮੀਨ ਅਲਾਟ ਕਰਵਾਈ ਜਾ ਸਕਦੀ ਸੀ । ਲਾਇਲਪੁਰ ਕੀ ਸੰਦਲ ਬਾਰ ਦੀ ਤਰ੍ਹਾਂ ਹਜ਼ਾਰਾਂ ਦੀ ਤਾਦਾਦ ਵਿੱਚ ਲੋਕੀ ਆ ਵਸੇ । ਛੋਟੇ ਮੋਟੇ ਵਪਾਰੀਆਂ ਭੀ ਇੱਥੇ ਆ ਦੁਕਾਨਾਂ ਪਾ ਲਈਆਂ ਸਨ । ਸ਼ਾਮ ਸਿੰਘ ਆਪਣੇ ਪਿੰਡ ਗੁਗਰੇਲਾ ਕੰਮ ਕਾਜ ਬੰਦ ਕਰ ਮਿੰਟਗੁਮਰੀ ਆ ਵਸੇ । ਮਕਾਨ ਲਈ ਇੱਕ ਪਲਾਟ ਅਲਾਟ ਕਰਵਾ ਇੱਕ ਕੋਠਾ ਗੁਜਾਰੇ ਲਾਇਕ ਖੜਾ ਕਰ ਰਹਿਣ ਲੱਗ ਪਏ । ਰੋਜ਼ਗਾਰ ਵਾਸਤੇ ਨਾਲ ਲਗਦੇ ਹੀ ਇੱਕ ਪਰਚੂਨ ਦੀ ਦੁਕਾਨ ਤੇ ਇੱਕ ਲੱਕੜੀ ਦੀ ਟਾਲ ਪਾ ਲਈ । ਚੰਗਾ ਗੁਜ਼ਾਰਾ ਚੱਲ ਤੁਰਿਆ । ਇੱਕ ਦਿਨ ਆਪਣੇ ਪੁੱਤਰ ਸੌਦਾਗਰ ਲਾਲ ਦੇ ਸਿਰ ਤੇ ਕੜ੍ਹਾਹ ਪ੍ਰਸਾਦ ਦੀ ਦੇਗ ਲੈ ਕੇ ਨਾਲ ਲਗਦੇ ਗੁਰਦੁਆਰੇ ਗਏ । ਇਹ ਵਕਤ ਸਿੰਘ ਸਭਾ ਲਹਿਰ ਦਾ ਸੀ । ਸਿੱਖੀ ਪ੍ਰਚਾਰ ਦਾ ਜ਼ੋਰ ਸੀ । ਹਿੰਦੂ ਪਰਿਵਾਰਾਂ ਵਿੱਚੋਂ ਲੋਕ ਸਿੰਘ ਸੱਜ ਰਹੇ ਸਨ । ਗੁਰਦੁਆਰੇ ਹਾਜ਼ਰੀ ਭਰਨ ਦਾ ਰਿਵਾਜ਼ ਸੀ । ਰਾਗੀ ਜੱਥੇ ਭੀ ਪ੍ਰਚਾਰ ਵਿੱਚ ਅਹਿਮ ਰੋਲ ਅਦਾ ਕਰ ਰਹੇ ਸਨ । ਜਦ, ਸ਼ਾਮ ਸਿੰਘ ਗੁਰਦੁਆਰੇ ਪਹੁੰਚੇ ਤਾਂ ਬਾਹਰੋਂ ਆਇਆ ਰਾਗੀ ਜੱਥਾ ਕੀਰਤਨ ਕਰ ਰਿਹਾ ਸੀ । ਰਾਗੀ ਜੱਥੇ ਦੇ ਜੱਥੇਦਾਰ ਨੇ ਵੇਖਿਆ ਕਿ ਇੱਕ ਤਿਆਰ ਬਰ ਤਿਆਰ ਸਿੰਘ ਇੱਕ ਸਹਿਜਧਾਰੀ ਮੁੰਡੇ ਦੇ ਸਿਰ ਤੇ ਕੜ੍ਹਾਹ ਪ੍ਰਸਾਦ ਦੀ ਦੇਗ ਲੈ ਕੇ ਗੁਰਦੁਆਰੇ ਆ ਰਿਹਾ ਹੈ । ਚਲ ਰਹੇ ਸ਼ਬਦ ਦੀ ਸਮਾਪਤੀ ਤੇ ਰਾਗੀ ਸਿੰਘਾਂ ਨੇ ਭਾਈ ਸ਼ਾਮ ਸਿੰਘ ਤੋਂ ਪੁੱਛਿਆ । "ਕੀ ਗੱਲ ਹੈ ਆਪ ਤਿਆਰ ਬਰ ਤਿਆਰ ਸਿੰਘ ਹੋ ਕੇ ਤੁਸੀਂ ਇੱਕ ਕੇਸਾਂ ਰਹਿਤ ਮੁੰਡੇ ਦੇ ਸਿਰ ਤੇ ਕੜ੍ਹਾਹ ਪ੍ਰਸ਼ਾਦ ਦੀ ਦੇਗ ਲੈ ਕੇ ਹਾਜ਼ਰ ਹੋਏ ਹੋ । ਸਾਰੀ ਸੰਗਤ ਸ੍ਰ. ਸ਼ਾਮ ਸਿੰਘ ਦੇ ਜਵਾਬ ਦੀ ਇੰਤਜ਼ਾਰ ਵਿੱਚ ਸੀ । ਸ੍ਰ. ਸ਼ਾਮ ਸਿੰਘ ਸੰਗਤ ਵਿੱਚੋਂ ਖੜਾ ਹੋ ਕੇ ਹੱਥ ਜੋੜ ਕੇ ਕਹਿਣ ਲਗਾ । ਇਹ ਮੇਰਾ ਇੱਕਲੌਤਾ ਪੁੱਤਰ ਹੈ । ਮੈਂ ਆਪ ਤਿਆਰ ਬਰ ਤਿਆਰ ਸਿੰਘ ਹਾਂ । ਮੇਰਾ ਪੁੱਤਰ ਭੀ ਗੁਰੂ ਘਰ ਦਾ ਬਹੁਤ ਸ਼ਰਧਾਲੂ ਹੈ । ਪਰ ਸਾਡੀਆ ਕੁਝ ਘਰੇਲੂ ਮਜਬੂਰੀਆਂ ਹਨ ਜਿਨ੍ਹਾਂ ਕਾਰਨ ਮੈਂ ਆਪਣੇ ਪੁੱਤਰ ਨੂੰ ਸਿੰਘ ਨਹੀਂ ਸਜਾ ਸਜਿਆ । ਸ੍ਰ. ਸ਼ਾਮ ਸਿੰਘ ਦੀਆਂ ਮਜਬੂਰੀਆਂ ਸੁਣਨ ਲਈ ਰਾਗੀ ਸਿੰਘ ਤੇ ਹੋਰ ਸੰਗਤ ਬਹੁਤ ਉਤਾਵਲੀ ਸੀ । ਸ਼ਾਮ ਸਿੰਘ ਦੇ ਦੱਸਿਆ ਕਿ ਮੇਰੇ

**ਲੇਖਕ ਵੀਰ ਧਿਆਨ ਦੇਣ**

*'ਅੰਮ੍ਰਿਤ ਕੀਰਤਨ' 24 ਪੰਨਿਆ ਦਾ ਛੋਟਾ ਜਿਹਾ ਮੈਗਜ਼ੀਨ ਹੈ । ਆਮ ਤੌਰ ਤੇ ਇਸ ਵਿੱਚ ਕੀਰਤਨ ਤੇ ਸੰਗੀਤ ਨਾਲ ਸੰਬੰਧਤ ਅਸੀਂ ਪਹਿਲਾਂ ਕਿਤੇ ਛਪੀਆਂ ਰਚਨਾਵਾਂ ਵੀ ਛਾਪ ਲੈਂਦੇ ਹਾਂ । ਪਰ ਹੋਰ ਵਿਸ਼ਿਆਂ ਨਾਲ ਸੰਬੰਧਤ ਪ੍ਰਕਾਸ਼ਿਤ ਰਚਨਾਵਾਂ ਨੂੰ ਛਾਪਣ ਤੋਂ ਗੁਰੇਜ਼ ਕਰਦੇ ਹਾਂ । ਸਾਡੇ ਪਾਠਕ ਆਮ ਕਰਕੇ ਉਹ ਹੀ ਹਨ ਜਿਹੜੇ 'ਗੁਰਮਤਿ ਪ੍ਰਕਾਸ਼', ਸੀਸ ਗੰਜ, ਸਚਖੰਡ ਪੱਤਰ, ਸਾਡਾ ਵਿਰਸਾ ਸਾਡਾ ਗੌਰਵ, ਗੁਰਬਾਣੀ ਇਸ ਜਗ ਮਹਿ ਚਾਨਣ, ਆਦਿ ਗੁਰਮਤਿ ਮੈਗਜ਼ੀਨ ਪੜ੍ਹਦੇ ਰਹਿੰਦੇ ਹਨ ਸੋ ਇੱਕ ਲੇਖ ਨੂੰ ਵੱਖ ਵੱਖ ਮੈਗਜ਼ੀਨਾਂ ਵਿੱਚ ਛਾਪਣਾ ਸਾਡੇ ਵਿਚਾਰ ਅਨੁਸਾਰ ਸਮੇਂ ਅਤੇ ਸਾਧਨਾਂ ਦੀ ਬੇਲੋੜੀ ਵਰਤੋਂ ਹੀ ਹੈ । ਸੋ ਸਤਿਕਾਰਯੋਗ ਲੇਖਕ ਸਾਨੂੰ ਉਹ ਰਚਨਾ ਹੀ ਭੇਜਣ ਜਿਹੜੀ ਕੇਵਲ 'ਅੰਮ੍ਰਿਤ ਕੀਰਤਨ' ਲਈ ਹੀ ਲਿਖੀ ਗਈ ਹੈ ।*

*ਸੰਪਾਦਕ*

ਵਡੇ ਭਰਾ ਨੇ ਮੇਰੀ ਪੇਸ਼ ਨਹੀਂ ਜਾਣ ਦਿਤੀ । ਉਸ ਦਾ ਇਹ ਕਹਿਣਾ ਹੈਂ ਕਿ ਜੇ ਸੁਦਾਗਰ ਸਿੰਘ ਸਜ ਗਿਆ ਤਾਂ ਉਸ (ਮੇਰੇ ਵਡੇ ਭਰਾ) ਦੀਆਂ ਚਿਲਮਾਂ ਕੌਣ ਭਰਿਆ ਕਰੇਗਾ ? ਮੇਰੀ ਸੇਵਾ ਕੌਣ ਕਰੇਗਾ । ਜੇ ਸੌਦਾਗਰ ਸਿੰਘ ਸੱਜ ਗਿਆ ਤਾਂ ਭਰਾਵਾਂ ਦੀ ਸਾਂਝ ਟੁਟ ਜਾਏਗੀ । ਮੈਂ ਮਜਬੂਰ ਤੇ ਬੇਵੱਸ ਹਾਂ । ਰਾਗੀਆਂ ਕਿਹਾ ਕਿ ਸਿੱਖੀ ਦੀਆ ਪੰਜ ਨਿਸ਼ਾਨੀਆਂ ਮਿਥੀਆਂ ਗਈਆਂ ਹਨ ਜਿਨ੍ਹਾਂ ਵਿਚੋਂ ਕੇਸ ਮੁੱਖ ਹਨ । ਇਸ ਤੋਂ ਬਾਅਦ ਸ੍ਰ. ਸ਼ਾਮ ਸਿੰਘ ਨੂੰ ਆਖਿਆ ਗਿਆ ਕਿ ਉਹ ਗੁਰੂ ਦੇ ਹਜ਼ੂਰ ਪ੍ਰਣ ਕਰੇ ਕਿ ਜੇ ਗੁਰੂ ਨੇ ਉਸ ਦੇ ਘਰ ਇੱਕ ਹੋਰ ਪੁੱਤਰ ਦੀ ਦਾਤ ਬ੍ਖਸ਼ੀ ਤਾਂ ਉਹ ਉਸ ਨੂੰ ਸਿੰਘ ਸਜਾਏਗਾ । ਸ੍ਰ. ਸ਼ਾਮ ਸਿੰਘ ਨੇ ਹੱਥ ਜੋੜ ਐਸਾ ਹੀ ਕਰਨ ਦਾ ਪ੍ਰਣ ਲਿਆ । ਰਾਗੀ ਸਿੰਘ ਦੇ ਜੱਥੇ ਚੋਂ ਇੱਕ ਨੇ ਅਰਦਾਸਾ ਸੋਧਿਆ ਤੇ ਸ੍ਰ. ਸ਼ਾਮ ਸਿੰਘ ਦੇ ਘਰ ਪੁੱਤਰ ਬਖ਼ਸ਼ਣ ਦੀ ਅਰਜ਼ੋਈ ਕੀਤੀ । ਉਸ ਨੇ ਘਰ ਆ ਕੇ ਇਹ ਸਾਰੀ ਘਟਨਾ ਆਪਣੀ ਪਤਨੀ ਨੂੰ ਸੁਣਾਈ । ਕਰਤਾਰ ਦੀ ਕਰਨੀ । ਇਸ ਅਰਦਾਸ ਦੇ ਕੋਈ ਛੇ ਸਾਲਾਂ ਬਾਅਦ ਸ੍ਰ. ਸ਼ਾਮ ਸਿੰਘ ਦੇ ਘਰ ਇੱਕ ਪੁੱਤਰ ਹੋਇਆ । ਉਸ ਨੂੰ ਸਿੰਘ ਸਜਾਇਆ ਗਿਆ ਤੇ ਉਸ ਬੱਚੇ ਦਾ ਨਾਂ ਹੁਕਮ ਸਿੰਘ ਰੱਖਿਆ ਗਿਆ । ਇਹ ਬੱਚਾ ਅਕਾਲੀ ਨੇਤਾ, ਰਾਜ ਸਭਾ ਦਾ ਸਪੀਕਰ ਤੇ ਰਾਜਸਥਾਨ ਦਾ ਗਵਰਨਰ ਬਣਿਆ । ਗਰੀਬ ਮਾਤਾ ਪਿਤਾ ਨੇ ਦੌਲਤ ਵਿਰਸੇ ਵਿੱਚ ਨਹੀਂ ਦਿੱਤੀ ਪਰ ਧਾਰਮਿਕ ਭਾਵਨਾਵਾਂ ਦੀ ਖਜ਼ਾਨਾ ਆਪਣੇ ਪੁੱਤਰ ਨੂੰ ਦੇ ਗਏ । ਮਿਹਨਤ ਤੇ ਭਰੋਸੇ ਦੇ ਸਹਾਰੇ ਇਹ ਬੱਚਾ ਕਿੱਥੋਂ ਦਾ ਕਿੱਥੇ ਪੁੱਜ ਗਿਆ ।

---

## ਸੁਰਾਂ ਦੇ ਅਰਥ

| | |
|---|---|
| ਸਾ ਦੇ ਅਰਥ ਸਵੱਰ | ਰੇ ਦੇ ਅਰਥ ਰਿਆਜ਼ |
| ਗਾ ਦੇ ਅਰਥ ਗਿਆਨ | ਮਾ ਦੇ ਅਰਥ ਮਿਹਨਤ |
| ਪਾ ਦੇ ਅਰਥ ਪਰਮੇਸ਼ਰ | ਧਾ ਦੇ ਅਰਥ ਧਿਆਨ |
| ਨੀ ਦੇ ਅਰਥ ਨਿਰੰਤਰ | ਸਾਂ ਦੇ ਅਰਥ ਸੰਗਤ |

ਭਾਵ (ਪਾ) ਪਰਮੇਸ਼ਰ ਦਾ (ਧਾ) ਧਿਆਨ ਕਰਦੇ ਹੋਏ (ਗਾ) ਗੁਣੀ ਜਨਾਂ ਦੀ (ਸਾ) ਸੰਗਤ ਕਰਕੇ (ਨੀ) ਨਿਰੰਤਰ (ਸਾ) ਸਵੱਰ ਗਾਇਕੀ ਦਾ (ਰੇ) ਰਿਆਜ਼ ਕਰ ਕਰ ਕੇ (ਮਾ) ਮਿਹਨਤ ਕਰਨੀ ਚਾਹੀਦੀ ਹੈ । ਇਹ ਸੱਤੇ ਸਵਰ ਤੁਹਾਨੂੰ ਹਮੇਸ਼ਾਂ ਹੀ ਇਸ ਗੱਲ ਦੀ ਪ੍ਰੇਰਨਾ ਦਿੰਦੇ ਰਹਿਣਗੇ । ਸੋ ਜਿਹਨਾਂ ਗਾਇਕੀ ਸੁਧਾਰਨੀ ਹੈ ਉਹ ਇਸ ਗੱਲ ਵੱਲ ਹਮੇਸ਼ਾਂ ਧਿਆਨ ਦੇਣ ਦੀ ਕਿਰਪਾ ਕਰਨ ।

*ਉਸਤਾਦ ਜੋਗਿੰਦਰ ਸਿੰਘ ਯੋਗੀ, ਬੰਬਈ*

---


## *ਗੁਰਮਤਿ ਸੰਗੀਤ ਵਿਸ਼ੇਸ਼ ਅੰਕ*

*ਗੁਰਮਤਿ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਜਿਸ ਵਿੱਚ ਗੁਰਮਤਿ ਸੰਗੀਤ ਦੀ ਉਤਪਤੀ ਤੇ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਦਰਜ ਰਾਗਾਂ ਦੀ ਵਿਲੱਖਣਤਾ, ਗੁਰਮਤਿ ਸੰਗੀਤ ਵਿੱਚ ਰਾਗ ਦਾ ਮਹੱਤਵ, ਗੁਰਮਤਿ ਸੰਗੀਤ ਤੇ ਵਿਵਹਾਰ, ਗੁਰਮਤਿ ਸੰਗੀਤ ਦੇ ਪ੍ਰਥਮ ਕੀਰਤਨੀਏ-ਭਾਈ ਮਰਦਾਨਾ ਜੀ, ਗੁਰਮਤਿ ਸੰਗੀਤ ਦੀ ਵਿਲੱਖਣਤਾ, ਗੁਰਮਤਿ ਸੰਗੀਤ ਦੀ ਕੀਰਤਨ-ਚੌਕੀ-ਪਰੰਪਰਾ, ਗੁਰਮਤਿ ਸੰਗੀਤ ਵਿੱਚ ਰਾਗ ਗਾਉਂਡੀ ਤੇ ਉਸ ਦੇ ਪ੍ਰਕਾਰ, ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਵਿਭਿੰਨ ਸਾਜ਼ ਅਤੇ ਉਹਨਾਂ ਦਾ ਮਹੱਤਵ, ਵਿਸ਼ੇਸ਼ ਲੇਖ ਹਨ । ਕੀਮਤ ਕੇਵਲ 30-00 ਰੁਪਏ ਡਾਕ ਖਰਚ ਸਮੇਤ ।*

*'ਅੰਮ੍ਰਿਤ ਕੀਰਤਨ' ਟਰੱਸਟ, 422, ਸੈਕਟਰ 15-ਏ, ਚੰਡੀਗੜ੍ਹ*

## ਡਾ. ਜਾਗੀਰ ਸਿੰਘ

# ਮੇਰੀ ਅਮਰੀਕਾ ਯਾਤਰਾ

ਗਰਮੀ ਦੇ ਦਿਨਾਂ ਵਿੱਚ ਜਦੋਂ ਬੱਚਿਆਂ ਨੂੰ ਸਕੂਲਾਂ ਤੋਂ ਛੁੱਟੀਆਂ ਹੁੰਦੀਆਂ ਹਨ ਤਾਂ ਅਸੀਂ ਕਿਸੇ ਬਾਹਰਲੇ ਦੇਸ਼ ਜਾਣ ਦਾ ਪ੍ਰੋਗਰਾਮ ਉਲੀਕਦੇ ਹਾਂ । ਇਸ ਵਾਰ ਮੇਰੀ ਪੁੱਤਰੀ ਹਰਸ਼ਗੀਤ ਕੌਰ ਦੀ ਪੜ੍ਹਾਈ ਕਾਰਨ ਸਾਰੇ ਪਰਿਵਾਰ ਦਾ ਬਾਹਰ ਜਾਣਾ ਮੁਨਾਸਿਬ ਨਹੀਂ ਸੀ । ਪਰਿਵਾਰ ਨੇ ਮੈਨੂੰ ਬਾਹਰ ਜਾਣ ਦੀ ਆਗਿਆ ਦੇ ਦਿੱਤੀ ।

ਮਾਰਚ ਵਿੱਚ ਅਮਰੀਕਾ ਤੋਂ ਡਾ. ਪ੍ਰੀਤਮ ਸਿੰਘ ਹੋਰੀਂ ਚੰਡੀਗੜ੍ਹ ਆਏ ਸਨ । ਉਹਨਾਂ ਨਾਲ ਨਿਊਜ਼ੀਲੈਂਡ ਦੀਆਂ ਯਾਦਾਂ ਤਾਜ਼ਾ ਕੀਤੀਆਂ । ਮੈਂ 1990-91 ਵਿਚ ਦਸੰਬਰ-ਜਨਵਰੀ ਦੇ 20 ਦਿਨਾਂ ਲਈ ਨਿਊਜ਼ੀਲੈਂਡ ਗਿਆ ਸਾਂ । ਡਾ. ਪ੍ਰੀਤਮ ਸਿੰਘ ਹੋਰੀਂ ਉਦੋਂ ਉਥੇ ਹੁੰਦੇ ਸਨ । ਉਹਨਾਂ ਨੇ ਬੜੇ ਸੁਚੱਜੇ ਢੰਗ ਨਾਲ ਮੇਰੇ ਕੋਲੋਂ ਕੀਰਤਨ ਕਰਵਾਉਣ ਅਤੇ ਕੀਰਤਨ ਸਿਖਾਉਣ ਦੀ ਸੇਵਾ ਲਈ ਸੀ । ਉਦੋਂ ਬਹੁਤ ਸਾਰੇ ਬੱਚਿਆਂ ਅਤੇ ਵੱਡਿਆਂ ਨੇ ਮੇਰੇ ਕੋਲੋਂ ਕੀਰਤਨ ਸਿੱਖਿਆ ਸੀ । ਉਹਨਾਂ ਦੇ ਕਹਿਣ ਅਨੁਸਾਰ ਆਕਲੈਂਡ ਜਿਹੜਾ ਨਿਊਜ਼ੀਲੈਂਡ ਦਾ ਮੁੱਖ ਸ਼ਹਿਰ ਹੈ ਲਈ ਇਹ ਦਿਨ ਕਿਸੇ ਵੱਡੇ ਸਮਾਗਮ ਵਾਂਗ ਸਨ । ਸੰਗਤਾਂ ਨੇ ਮੈਨੂੰ ਬੜਾ ਪਿਆਰ ਸਤਿਕਾਰ ਦਿੱਤਾ ਸੀ । ਉਥੇ ਸ੍ਰ. ਅਮਰਜੀਤ ਸਿੰਘ ਸ਼ਾਹ ਹੋਰਾਂ ਦੇ ਪਰਿਵਾਰ, ਮਾਨ ਸਾਹਿਬ, ਗੁਰਸ਼ਰਨ ਸਿੰਘ, ਸੀਮਾ ਕੌਰ, ਕੇਵਲ ਸਿੰਘ ਆਦਿ ਬਾਰੇ ਬੜੀਆਂ ਪਿਆਰੀਆਂ ਯਾਦਾਂ ਹਨ । ਇਹਨਾਂ ਨੂੰ ਧਿਆਨ ਵਿੱਚ ਲਿਆ ਕੇ ਅਜੇ ਵੀ ਖੁਸ਼ੀ ਮਿਲਦੀ ਹੈ ।

ਡਾ. ਪ੍ਰੀਤਮ ਸਿੰਘ ਹੋਰੀਂ ਅੱਜ ਕੱਲ ਅਮਰੀਕਾ ਵਿੱਚ ਹਨ । ਇੱਕ ਕੰਮਪਿਊਟਰ ਕੰਪਨੀ ਦਾ ਪ੍ਰਬੰਧ ਵੇਖਦੇ ਹਨ । ਉਹਨਾਂ ਨੇ ਸਪਾਂਸ਼ਰਸ਼ਿਪ ਭੇਜਣ ਦਾ ਹੁੰਗਾਰਾ ਭਰਿਆ । ਸਾਨੂੰ ਉਡੀਕ ਲੱਗ ਗਈ ।

ਸਪਾਂਸਰਸ਼ਿਪ ਆਈ ਤਾਂ ਅਮੈਰੀਕਨ ਐਂਬੈਸੀ ਗਿਆ । ਉਥੇ ਉਹਨਾਂ ਦੋ-ਤਿੰਨ ਪੁੱਠੇ-ਸਿੱਧੇ ਸਵਾਲ ਪੁੱਛੇ ਤੇ ਵੀਜ਼ਾ ਦੇ ਦਿੱਤਾ । ਦਫਤਰੋਂ ਛੁੱਟੀ ਮਿਲ ਗਈ । ਬਜਾਜ ਟ੍ਰੈਵਲ ਚੰਡੀਗੜ੍ਹ ਵਾਲਿਆਂ ਨੇ ਸੁਹਿਰਦਤਾ ਨਾਲ ਟਿਕਟ ਦਾ ਪ੍ਰਬੰਧ ਕਰ ਦਿੱਤਾ । ਅਮਰੀਕਾ ਜਾਣ ਤੋਂ ਪਹਿਲਾਂ ਡਾ. ਬ੍ਰਿਜ ਨੰਦਨ ਸਿੰਘ ਸਾਬਕਾ ਡਾਇਰੈਕਟਰ ਪੀ.ਜੀ.ਆਈ., ਚੰਡੀਗੜ੍ਹ ਨੂੰ ਮਿਲਿਆ ਉਹਨਾਂ ਨੇ ਬੜੀਆਂ ਕੀਮਤੀ ਸਲਾਹਾਂ ਦਿੱਤੀਆਂ । ਇੱਕ ਤਾਂ ਉਹਨਾਂ ਨੇ ਕਿਹਾ ਕਿ ਇਥੋਂ ਆਪਣੀ ਮੈਡੀਕਲ ਇੰਸ਼ੋਰੈਂਸ ਕਰਵਾ ਕੇ ਜਾਣੀ ਚਾਹੀਦੀ ਹੈ । ਇਥੇ ਪੈਸੇ ਥੋਹੜੇ ਲਗਦੇ ਹਨ । ਰੱਬ ਨਾ ਕਰੇ ਵਿਦੇਸ਼ ਵਿੱਚ ਜੇ ਕੋਈ ਹਰਜ-ਮਰਜ ਹੋ ਜਾਵੇ ਤਾਂ ਬੜੀ ਸਹੂਲਤ ਰਹਿੰਦੀ ਹੈ । ਨਹੀਂ ਤਾਂ ਵਿਦੇਸ਼ ਵਿੱਚ ਖਰਚਾ ਬਹੁਤ ਹੁੰਦਾ ਹੈ ਤੇ ਸਪਾਂਸਰਸ਼ਿਪ ਭੇਜਣ ਵਾਲੇ ਸੱਜਣਾ ਨੂੰ ਵੀ ਬੜੀ ਤਕਲੀਫ ਉਠਾਉਣੀ ਪੈਂਦੀ ਹੈ । ਮੈਨੂੰ ਯਾਦ ਆਇਆ ਕਿ ਅਮਰੀਕਾ ਵਿੱਚ ਜਦੋਂ ਮੈਂ 1985 ਵਿੱਚ ਗਿਆ ਸਾਂ ਤਾਂ ਇੱਕ ਰਾਗੀ ਬਿਮਾਰ ਹੋ ਗਿਆ । ਜਿਹੜੇ ਗੁਰਦੁਆਰੇ ਵਾਲਿਆਂ ਉਹਨੂੰ ਬੁਲਾਇਆ ਸੀ ਉਹ ਕਹਿਣ ਕਿ ਹੁਣ ਇਹਨਾਂ ਨੇ ਕਾਫੀ ਕਮਾਈ

### *ਲੇਖਕਾਂ ਪ੍ਰਤੀ ਬੇਨਤੀ*

*'ਅੰਮ੍ਰਿਤ ਕੀਰਤਨ' ਵਿੱਚ ਛਪਣ ਹਿਤ ਲੇਖ ਭੇਜਣ ਵਾਲੇ ਸੱਜਣਾਂ ਦੀ ਸੇਵਾ ਵਿੱਚ ਬੇਨਤੀ ਹੈ ਕਿ ਲੇਖ ਵਿੱਚ ਅੰਮ੍ਰਿਤ ਗੁਰਬਾਣੀ ਦੀਆਂ ਲਗਾਂ ਮਾਤ੍ਰਾ ਆਦਿ ਨੂੰ ਸੋਧ ਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪੰਨਾ ਨੰਬਰ ਲਿਖ ਕੇ ਭੇਜਣ ਦੀ ਕਿਰਪਾਲਤਾ ਕੀਤਾ ਕਰਨ ।*

*-ਸੰਪਾਦਕ*

ਕਰ ਲਈ ਹੈ ਇਹ ਆਪਣਾ ਖਰਚ ਆਪ ਕਰਨ । ਪਰ ਵਕੀਲਾਂ ਉਸ ਰਾਗੀ ਕੋਲੋਂ ਗੁਰਦੁਆਰੇ ਤੇ ਮੁਕੱਦਮਾ ਕਰਵਾ ਦਿੱਤਾ । ਫਿਰ ਗੁਰਦੁਆਰੇ ਨੂੰ ਕਾਫੀ ਖਰਚਾ ਭਰਨਾ ਪਿਆ । ਗੁਰਦੁਆਰਾ ਕਮੇਟੀ ਵਿੱਚ ਬੜੀ ਪਾਟੋ-ਧਾੜ ਪੈ ਗਈ । ਬੜੀ ਬਦਮਗਜ਼ੀ ਹੋਈ । ਇਸ ਲਈ ਵਿਦੇਸ਼ ਜਾਣ ਸਮੇਂ ਮੈਡੀਕਲ ਇੰਸ਼ੋਰੈਂਸ ਕਰਾਉਣੀ ਬੜੀ ਜ਼ਰੂਰੀ ਹੈ । ਦੂਜਾ ਡਾਕਟਰ ਵਾਲੀਆ ਹੋਰਾਂ ਅਮਰੀਕਾ ਦੀ ਸੈਰ ਕਰਨ ਲਈ ਇਥੋਂ ਹੀ ਟਿਕਟ ਖਰੀਦਣ ਲਈ ਕਿਹਾ । ਇਸ ਵਿਸ਼ੇਸ਼ ਟਿਕਟ ਨੂੰ ਵਿਜ਼ਟ ਯੂ.ਐਸ.ਏ. ਸੰਖੇਪ ਵਿੱਚ ਵੂਜ਼ਾ ਕਹਿੰਦੇ ਹਨ । ਇਹ ਇਥੇ ਬਹੁਤ ਸਸਤੀ ਮਿਲਦੀ ਹੈ ਤੇ ਉਥੇ ਜਾ ਕੇ ਟਿਕਟ ਲੈਣ ਨਾਲੋਂ 50ਫੀ ਸਦੀ ਤੋਂ ਵੀ ਘਟ ਪੈਸੇ ਲਗਦੇ ਹਨ । ਕਰਨਲ ਰਤਨ ਜਿਹੜੇ ਮੁਹਾਲੀ ਵਿਖੇ ਗੁਰੂ ਨਾਨਕ ਵਿੱਦਿਆ ਭੰਡਾਰ ਫਸਟ ਪੋਲੀਟੈਕਨਿਕ ਵਿੱਦਿਆਲੇ ਦੇ ਪ੍ਰਬੰਧਕ ਹਨ ਨੇ ਅਮਰੀਕਾ ਯਾਤਰਾ ਦਾ ਪ੍ਰੋਗਰਾਮ ਉਲੀਕ ਦਿੱਤਾ ਤੇ ਕਾਫੀ ਕੁਝ ਪਹਿਲਾਂ ਹੀ ਤੈਅ ਕਰਕੇ ਮੈਂ ਅਮਰੀਕਾ ਵਿਖੇ ਕੁਝ ਸੱਜਣਾਂ ਮਿੱਤਰਾਂ ਨੂੰ ਵੀ ਪਹਿਲਾਂ ਹੀ ਸੂਚਿਤ ਕਰ ਦਿੱਤਾ । ਬ੍ਰਿਗੇਡੀਅਰ ਗੋਬਿੰਦਰ ਸਿੰਘ ਜੀ, ਸ੍ਰ. ਅਵਤਾਰ ਸਿੰਘ ਘਈ, ਬ੍ਰਿਗੇਡੀਅਰ ਜਗਮੋਹਨ ਸਿੰਘ, ਡਾ. ਹਿੰਮਤ ਸਿੰਘ, ਸ੍ਰੀਮਤੀ ਕੁਲਵੰਤ ਕੌਰ, ਰਾਣੂ ਅਰੋੜਾ ਆਦਿ ਨੇ ਰਿਸ਼ਤੇਦਾਰਾਂ ਸਜਣਾਂ ਤੇ ਮਿੱਤਰਾਂ ਦੇ ਐਡਰੈਸ ਦਿੱਤੇ ।

20-21 ਮਈ ਦੀ ਰਾਤ ਨੂੰ ਕੇ.ਐਲ.ਐਮ. ਹਵਾਈ ਜਹਾਜ਼ ਦੀ ਫਲਾਈਟ ਸੀ । 20 ਮਈ ਨੂੰ ਚੰਡੀਗੜ੍ਹੋਂ ਸ਼ਤਾਬਦੀ ਐਕਸਪ੍ਰੈਸ ਟ੍ਰੇਨ ਤੇ ਦਿੱਲੀ ਲਈ ਰਵਾਨਾ ਹੋਇਆ । ਘਰੋਂ ਚੰਡੀਗੜ੍ਹ ਸਟੇਸ਼ਨ ਤੇ ਛੱਡਣ ਲਈ ਸ੍ਰ. ਅਜੀਤ ਸਿੰਘ ਵਿੱਕੀ ਜਿਹੜੇ ਮੇਰੇ ਨਾਲ ਤਬਲੇ ਦੀ ਸੇਵਾ ਕਰਦੇ ਹਨ- ਆਏ ।

ਦਿੱਲੀ ਮੈਂ ਰਾਜੌਰੀ ਗਾਰਡਨ ਭੈਣ ਜੀ ਹਰਸ਼ਰਨ ਕੌਰ ਪਾਲ ਅਤੇ ਵੀਰ ਟੀ. ਨਰਿੰਦਰ ਪਾਲ ਸਿੰਘ ਹੋਰਾਂ ਕੋਲ ਪਹੁੰਚ ਗਿਆ । ਵੀਰ ਨਰਿੰਦਰ ਪਾਲ ਸਿੰਘ ਹੋਰਾਂ ਬਾਰੇ ਆਸਟ੍ਰੇਲੀਆ ਯਾਤਰਾ ਵਿੱਚ ਲਿਖ ਚੁੱਕੇ ਹਾਂ । ਵੀਰ ਜੀ ਬੜੇ ਪਿਆਰੇ ਸੁਹਿਰਦ ਵਿਅਕਤੀ ਹਨ । ਕੀਰਤਨ ਤੇ ਗੁਰਮਤਿ ਦੀ ਡੂੰਘੇਰੀ ਸੂਝ ਰੱਖਦੇ ਹਨ । ਸ਼ਾਮ ਨੂੰ ਭੈਣ ਜੀ ਹਰਸ਼ਰਨ ਕੌਰ ਪਾਲ ਹੋਰਾਂ ਦੀ ਗੱਡੀ ਤੇ ਵੀਰ ਨਰਿੰਦਰ ਪਾਲ ਸਿੰਘ ਜੀ ਅਤੇ ਉਹਨਾਂ ਦੀ ਸੁਪਤਨੀ ਬੀਬੀ ਹਰਬੰਸ ਕੌਰ ਜੀ ਹਵਾਈ ਅੱਡੇ ਤੇ ਗਏ । ਉਥੇ ਸ੍ਰ. ਹਰਿੰਦਰ ਸਿੰਘ, ਬਲਜੀਤ ਸਿੰਘ ਅਤੇ ਉਹਨਾਂ ਦੇ ਸਹਿਯੋਗੀ ਵੀ ਪਹੁੰਚ ਗਏ । ਹਰਿੰਦਰ ਸਿੰਘ ਹੋਰੀਂ ਕੀਰਤਨੀਆਂ ਦੀ ਡਾਇਰੈਕਟਰੀ ਤਿਆਰ ਕਰ ਰਹੇ ਹਨ । ਇਸ ਬਾਰੇ ਅਸੀਂ ਜੂਨ ਦੇ 'ਅੰਮ੍ਰਿਤ ਕੀਰਤਨ' ਵਿੱਚ ਛਾਪ ਚੁੱਕੇ ਹਾਂ ।

ਰਾਤੀਂ 1 ਵਜੇ ਹਵਾਈ ਜਹਾਜ਼ ਐਮਸਟਰਡਮ ਲਈ ਰਵਾਨਾ ਹੋਇਆ ਉਥੋਂ ਦੇ 7 ਵਜੇ ਸਵੇਰੇ ਐਮਸਟਰਡਮ ਪੁੱਜ ਗਿਆ । ਐਮਸਟਰਡਮ ਹਵਾਈ ਅੱਡੇ ਤੇ ਜਦੋਂ ਅਮਰੀਕਾ ਲਈ ਰਵਾਨਾ ਹੋਣ ਲੱਗੇ ਤਾਂ ਅਧਿਕਾਰੀਆਂ ਨੇ ਬੜੀ ਪੁੱਛ ਪੜਤਾਲ ਕੀਤੀ । ਇਸ ਸਮੇਂ ਅਹਿਸਾਸ ਹੋਇਆ ਕਿ ਬੰਦੇ ਨੂੰ ਅਜਿਹੀਆਂ ਯਾਤਰਾਵਾਂ ਸਮੇਂ ਆਪਣੀ ਜਾਣ-ਪਛਾਣ ਨਾਲ ਸਬੰਧਤ ਹਰ ਤਰ੍ਹਾਂ ਦੇ ਕਾਗਜ਼ ਪੱਤਰ ਹਮੇਸ਼ਾ ਕੋਲ ਰੱਖਣੇ ਚਾਹੀਦੇ ਹਨ । ਹਵਾਈ ਜਹਾਜ਼ 21 ਮਈ ਨੂੰ ਅਮਰੀਕਾ ਦੇ ਸ਼ਾਮ ਦੇ ਚਾਰ ਵਜੇ ਨਿਊਅਰਕ ਹਵਾਈ ਅੱਡੇ ਤੇ ਪੁੱਜਾ । ਇਹ ਸ਼ਹਿਰ ਨਿਊਯਾਰਕ ਦੇ ਬਿਲਕੁਲ ਨੇੜੇ ਨਿਊਜ਼ਰਸੀ ਪ੍ਰਾਂਤ ਵਿੱਚ ਪੈਂਦਾ ਹੈ । ਇਥੇ ਮੈਨੂੰ ਸ੍ਰ. ਉਦੈ ਸਿੰਘ ਖੜਬੰਦਾ ਲੈਣ ਆਏ ਹੋਏ ਸਨ ।

(ਚਲਦਾ)

## ਜ਼ਰੂਰੀ ਬੇਨਤੀ

*ਜੇ ਤੁਹਾਡੇ ਕੋਲ 'ਅੰਮ੍ਰਿਤ ਕੀਰਤਨ' ਦੇ ਪੁਰਾਣੇ ਅੰਕ ਪਏ ਹਨ ਅਤੇ ਤੁਸੀਂ ਉਹਨਾਂ ਦੀ ਲੋੜ ਨਹੀਂ ਸਮਝਦੇ ਤਾਂ ਸਾਨੂੰ ਭੇਜਣ ਦੀ ਕਿਰਪਾ ਕਰਨੀ । ਇਹਨਾਂ ਨੂੰ ਰੱਦੀ ਵਿੱਚ ਨਾ ਵੇਚਣਾ/ਸੁੱਟਣਾ ਜੀ ।*

*ਸੰਪਾਦਕ*

ਭਾਈ ਅਵਤਾਰ ਸਿੰਘ ਹੰਸ"

# ਕੈਸਟ : ਤੂੰ ਕੁਨੁ ਰੇ

ਰਾਗੀ : ਸ਼੍ਰੋਮਣੀ ਰਾਗੀ, ਭਾਈ ਬਲਬੀਰ ਸਿੰਘ ਜੀ,
(ਸਾਬਕਾ ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ)

ਭਾਈ ਸਾਹਿਬ ਭਾਈ ਬਲਬੀਰ ਸਿੰਘ ਜੀ ਦੀ ਮਧੁਰ ਅਵਾਜ਼ ਵਿਚ ਟੀ-ਸੀਰੀਜ਼ ਵਾਲਿਆਂ ਨੇ ਉਪਰੋਕਤ ਕੈਸਟ "ਤੂੰ ਕੁਨੁ ਰੇ" Vol-1 ਤਿਆਰ ਕੀਤੀ ਹੈ । ਟੀ-ਸੀਰੀਜ਼ ਕੰਪਨੀ ਦੇ ਮਾਲਕ ਸ੍ਰੀ ਗੁਲਸ਼ਨ ਕੁਮਾਰ ਜੀ ਦਾ ਇਹ ਬਹੁਤ ਸਲਾਘਾਯੋਗ ਉਦਮ ਹੈ। ਭਾਈ ਬਲਬੀਰ ਸਿੰਘ ਜੀ ਗੁਰੂ ਘਰ ਦੇ ਮਹਾਨ ਕੀਰਤਨੀਏ ਹਨ ਬਹੁਤ ਸਮਾਂ ਆਪ ਜੀ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਦੀ ਸੇਵਾ ਕੀਤੀ ਹੈ । ਪਿੱਛੇ ਜਿਹੇ ਦੀ ਸੇਵਾ ਮੁਕਤ ਹੋਏ ਹਨ । ਭਾਈ ਸਾਹਿਬ ਜੀ ਕੋਲ ਪੁਰਾਤਨ ਰੀਤਾਂ ਦਾ ਕਾਫੀ ਭੰਡਾਰ ਹੈ । ਔਖੇ ਤੋਂ ਔਖੇ ਸ਼ਬਦ ਆਪ ਜੀ ਬੜੀ ਸੁਰਲਤਾ ਨਾਲ ਗਾਉਂਦੇ ਹਨ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਬਾਣੀ ਗਾਉਣ ਵਿਚ ਖਾਸ ਮੁਹਾਰਤ ਰੱਖਦੇ ਹਨ । ਜ਼ਿਆਦਾਤਰ ਦਸਮ ਪਾਤਿਸ਼ਾਹ ਦੀ ਬਾਣੀ ਦਾ ਕੀਰਤਨ ਕਰਦੇ ਹਨ। 1991 ਵਿੱਚ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿੱਚ ਆਪ ਜੀ ਨੂੰ ਸ਼੍ਰੋਮਣੀ ਰਾਗੀ ਅਵਾਰਡ ਨਾਲ ਸਨਮਾਨਤ ਕੀਤਾ ਗਿਆ ਅਤੇ ਸੰਮੇਲਨ ਵਿੱਚ ਰਿਕਾਰਡ ਕੀਤੀ ਆਪ ਜੀ ਦੀ ਗਾਈ ਹੋਈ 'ਆਸਾ ਦੀ ਵਾਰ' ਦੀਆਂ ਤਿੰਨ ਕੈਸਟਾਂ ਦਾ ਸੈਟ ਰੀਲੀਜ਼ ਕੀਤਾ ਗਿਆ ਸੀ । ਕੁਝ ਸਮਾਂ ਹੋਇਆ ਭਾਈ ਸਾਹਿਬ ਦੇ ਸਹਾਇਕ ਰਾਗੀ ਬਾਬਾ ਚਤਰ ਸਿੰਘ ਜੀ ਅਕਾਲ ਪੁਰਖ ਨੂੰ ਪਿਆਰੇ ਹੋ ਗਏ । ਜਿਸ ਨਾਲ ਭਾਈ ਸਾਹਿਬ ਨੂੰ ਬਹੁਤ ਘਾਟਾ ਪਿਆ ਹੈ । ਭਾਈ ਚਤਰ ਸਿੰਘ ਜੀ ਨਾਲ ਇਹਨਾਂ ਦੀ ਬਹੁਤ ਮਿਲਤ ਸੀ, ਕੀਰਤਨ ਦੀਆਂ ਛਹਿਬਰਾਂ ਲਾ ਦਿੰਦੇ ਹਨ । ਖ਼ੈਰ ਇਹ ਭਾਈ ਸਾਹਿਬ ਦੀ ਸਟੂਡੀਓ ਵਿੱਚ ਪਹਿਲੀ ਕੈਸਟ ਹੈ । ਇਸ ਕੈਸਟ ਵਿੱਚ ਭਾਈ ਸਾਹਿਬ ਜੀ ਨੇ 7 ਸ਼ਬਦ ਗਾਇਨ ਕੀਤੇ ਹਨ । ਕੈਸਟ ਦੇ ਏ ਸਾਈਡ ਤੇ ਪਹਿਲਾ ਸ਼ਬਦ ਗਾਇਨ ਕੀਤਾ ਹੈ 'ਮੇਰੀ ਅਬੈ ਬੇਨਤੀ ਸੁਨ ਲੀਜੈ' ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਦੁੱਤੀ ਰਚਨਾ ਵਿਚੋਂ ਹੈ । ਭਾਈ ਸਾਹਿਬ ਨੇ ਸ਼ਬਦ ਦੀ ਟੇਕ, ਸੁਣ ਲੀਜੈ ਮਹਾਰਾਜ ਮੇਰੀ ਅਬੈ ਬੇਨਤੀ" ਰੱਖੀ ਹੈ । ਪੁਰਾਤਨ ਬੰਦਸ਼ ਹੈ ਬਹੁਤ ਸੁੰਦਰ ਹੈ । ਛੋਟੀ ਤਿੰਨ ਤਾਲ ਵਿੱਚ ਨਿਬੱਧ ਹੈ। ਦੂਸਰਾ ਸ਼ਬਦ ਅਕਾਲ ਉਸਤਤ ਪਾ. ੧੦ ਵਿਚੋਂ ਹੈ । "ਨਿਰਜੁਰ ਨਿਰੂਪ ਹੋ ਕਿ ਸੁੰਦਰ ਸਰੂਪ ਹੈ । ਇਹ ਸ਼ਬਦ ਝੱਪਤਾਲ ਵਿਚ ਨਿਬੱਧ ਇਹ ਵੀ ਬਹੁਤ ਵਧੀਆ ਗਾਇਨ ਹੈ । ਏ ਸਾਈਡ ਤੇ ਤੀਜਾ ਸ਼ਬਦ ਹੈ " ਤ੍ਰਿਣ ਤੇ ਮੇਰ ਕਰੋ" ਇਹ ਸ਼ਬਦ ਵੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਵਿਚੋਂ ਹੈ ਬਚਿਤਰ ਨਾਟਕ ਵਿਚੋਂ 92 ਵਾਂ ਸਵੱਯਾ ਹੈ ।

ਇਹ ਤਿੰਨ ਤਾਲ ਵਿੱਚ ਨਿਬੱਧ ਹੈ । ਇਸ ਸ਼ਬਦ ਨੂੰ ਸ੍: ਭਾਈ ਸੰਤਾ ਸਿੰਘ ਜੀ ਰਾਗੀ ਵੀ ਗਾਇਨ ਕਰਦੇ ਸਨ । ਬਹੁਤ ਸੁੰਦਰ ਬੰਦਸ਼ ਹੈ ।

ਇਸੇ ਤਰ੍ਹਾਂ ਏ ਸਾਈਡ ਤਿੰਨੇ ਸ਼ਬਦ ਹੀ ਦਸਮ ਬਾਣੀ ਵਿੱਚੋਂ ਗਾਇਨ ਕੀਤੇ ਹਨ । ਬੀ ਸਾਈਡ ਤੇ ਪਹਿਲਾ ਸ਼ਬਦ ਹੈ "ਪੂਤਾ ਮਾਤਾ ਕੀ ਅਸੀਸ" ਗੂਜਰੀ ਰਾਗ ਅਧੀਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਰਚਨਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 496 ਅੰਗ ਤੇ ਸਸ਼ੋਭਿਤ ਹੈ । ਇਹ ਸ਼ਬਦ ਰੂਪਕ ਤਾਲ ਵਿਚ ਨਿਬੱਧ ਹੈ ।

ਦੂਜਾ ਸ਼ਬਦ ਹੈ, "ਅਤਿ ਪ੍ਰੀਤਮ ਮਨ ਮੋਹਨਾ ॥" ਇਹ ਸ਼ਬਦ ਬਿਹਾਗੜਾ ਰਾਗ ਵਿਚ ਪੰਚਮ ਪਾਤਿਸ਼ਾਹ ਦੀ ਰਚਨਾ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 542-43 ਅੰਗ ਤੇ ਹੈ । ਇਹ ਸ਼ਬਦ ਦੀ ਬੰਦਸ਼ ਬਹੁਤ ਹੀ ਵਧੀਆ ਹੈ ਬਾਰ ਬਾਰ ਸੁਨਣ ਨੂੰ ਮਨ ਕਰਦਾ ਹੈ । ਦਾਦਰੇ ਦੀ ਦੁਗਣ ਵਿੱਚ ਨਿਬੱਧ ਹੈ । ਤਬਲਾ ਸਾਰੀ ਕੈਸਟ ਵਿੱਚ ਹੀ ਬਹੁਤ ਵਧੀਆ ਵਜਾਇਆ ਹੈ । ਤੀਸਰਾ ਸ਼ਬਦ ਹੈ "ਤੁਦ ਦਾਨ੍ਹੀ ਤੁਮ ਦਾਨੀ ਤਲਲ ਤੁਮ ਦਿਰਨਾ ॥" ਬਿਸ਼ਨਪ ਮਲਾਰ ਸੰਗੀਤੀ ਸਿਰਲੇਖ ਹੇਠ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਦੁੱਤੀ ਰਚਨਾ ਹੈ। ਚੰਡੀ ਚਰਿਤ੍ਰ ਵਿੱਚ ਦਰਜ ਹੈ। ਤਿੰਨਤਾਲ ਵਿੱਚ ਨਿਬੰਧ ਹੈ । ਤਰਾਨਾ ਸ਼ੈਲੀ ਦੇ ਇਸ ਸ਼ਬਦ ਦੇ ਲਫਜ ਬਹੁਤ ਔਖੇ ਹਨ ਪਰ ਭਾਈ ਸਾਹਿਬ ਜੀ ਨੇ ਬੜੀ ਸਰਲਤਾ ਨਾਲ ਗਾਇਆ ਹੈ ।

ਬੀ ਸਾਈਡ ਤੇ ਚੌਥਾ ਸ਼ਬਦ ਜੋ ਕੈਸਟ ਦਾ ਟਾਇਟਲ ਸ਼ਬਦ ਹੈ "ਤੂੰ ਕੁਨਰੇ" ਹੈ ਧਨਾਸਰੀ ਰਾਗ ਵਿੱਚ ਇਹ ਭਗਤ ਨਾਮਦੇਵ ਜੀ ਦੀ ਅਦੁੱਤੀ ਰਚਨਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 694 ਅੰਗ ਤੇ ਸਸ਼ੋਭਿਤ ਹੈ । ਤਿੰਨਤਾਲ ਵਿੱਚ ਨਿਬੱਧ ਕੀਤਾ ਹੈ । ਭਾਈ ਸਾਹਿਬ ਇਹ ਸ਼ਬਦ ਨੂੰ ਬੜੇ ਪਿਆਰ ਨਾਲ ਗਾਉਂਦੇ ਹਨ । ਸੰਗਤਾਂ ਬਹੁਤ ਪਸੰਦ ਕਰਦੀਆਂ ਹਨ । ਸੰਤ ਬਾਬਾ ਗਿ: ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਵੀ ਭਾਈ ਸਾਹਿਬ ਤੋਂ ਕੀਰਤਨ ਸੁਣਕੇ ਬੜੇ ਪ੍ਰਸੰਨ ਹੁੰਦੇ ਸਨ । ਇਸੇ ਤਰ੍ਹਾਂ ਸਾਰੀ ਕੈਸਟ ਹੀ ਕਾਬਲੇਤਾਰੀਫ ਹੈ । ਸਾਭਣਯੋਗ ਹੈ । ਆਸ ਕਰਦੇ ਹਾਂ ਭਾਈ ਸਾਹਿਬ ਜੀ ਇਸ ਤਰ੍ਹਾਂ ਦੀਆਂ ਕੈਸਟਾਂ ਹੋਰ ਵੀ ਸੰਗਤਾਂ ਦੀ ਝੋਲੀ ਪਾਉਣਗੇ ।

ਗੁਰਦੁਆਰਾ ਬਾਬਾ ਅਜਾਪਾਲ ਸਿੰਘ
ਅਲਹੌਰਾਂ ਗੇਟ, ਨਾਂਭਾ

# ਪ੍ਰਸ਼ਨਾਵਲੀ - 9

1. ਤਾਲ ਵਿੱਚ ਸਮ ਦਾ ਕੀ ਸਥਾਨ ਹੈ ?

2. ਸੁਰਦਾਸੀ ਮਲਾਰ ਕਿਹੜੀ ਰੁੱਤ ਵਿੱਚ ਹਰ ਸਮੇਂ ਗਾਇਆ ਜਾਂਦਾ ਹੈ ?

3. ਝਪ ਤਾਲ ਦੀ ਤਾਲ ਲਿਪੀ ਵਿਭਾਗਾਂ ਸਹਿਤ ਲਿਖੋ ?

4. ਗੁਰੂ ਨਾਨਕ ਦੇਵ ਜੀ ਨੇ ਕਿਹੜੇ-ਕਿਹੜੇ ਰਾਗਾਂ ਵਿੱਚ ਵਾਰਾਂ ਦੀ ਰਚਨਾ ਕੀਤੀ ?

5. ਆਪਣੇ ਸ਼ਹਿਰ/ਪਿੰਡ ਦੇ ਉਹਨਾਂ ਵਿਦਿਆਲਿਆਂ ਦੇ ਨਾਂ ਲਿਖੋ ਜਿੰਨ੍ਹਾਂ ਵਿੱਚ ਕੀਰਤਨ ਕਲਾਸਾਂ ਲਗਦੀਆਂ ਹਨ ?

## *ਪ੍ਰਸ਼ਨਾਵਲੀ - 8 ਦੇ ਉੱਤਰ*

1. ਰਾਗ ਭੁਪਾਲੀ ਵਿੱਚ ਸਾਰੇ ਸੁਰ ਸ਼ੁਧ ਲਗਦੇ ਹਨ । ਆਰੋਹ ਅਤੇ ਅਵਰੋਹ ਵਿੱਚ ਮ, ਨੀ ਵਰਜਿਤ ਹਨ । ਇਸ ਦੀ ਜਾਤੀ ਔੜਵ-ਔੜਵ ਹੈ । ਥਾਟ ਕਲਿਆਣ ਹੈ । ਸਮਾਂ ਰਾਤ ਦਾ ਪਹਿਲਾ ਪਹਿਰ ਹੈ ।

2. ਹਰ ਰਾਗ ਵਿੱਚ ਕੁਝ ਸੁਰ ਸਮੂਹ ਐਸੇ ਹੁੰਦੇ ਹਨ ਜਿਹਨਾਂ ਦੇ ਗਾਉਣ ਜਾਂ ਵਜਾਉਣ ਨਾਲ ਰਾਗ ਦੀ ਪਛਾਣ ਤੁਰੰਤ ਹੋ ਜਾਂਦੀ ਹੈ । ਉਹਨਾਂ ਨੂੰ ਮੁੱਖ-ਅੰਗ ਜਾਂ ਪਕੜ ਕਿਹਾ ਜਾਂਦਾ ਹੈ ।

3. ਗੁਰੂ ਕਾਲ ਦੇ ਪ੍ਰਸਿਧ ਕੀਰਤਨੀਏ ਭਾਈ ਮਰਦਾਨਾ ਜੀ, ਸ਼ਹਜਾਦਾ ਜੀ, ਰਜਾਦਾ ਜੀ, ਸੱਤਾ ਜੀ, ਬਲਵੰਡ ਜੀ, ਬਾਬਰ ਜੀ ਆਦਿ ।

4. ਚਾਰ ਚੌਕੀਆਂ :

    ੳ. ਆਸਾ ਦੀ ਵਾਰ ਦੀ ਚੌਕੀ

    ਅ. ਬਿਲਾਵਲ ਦੀ ਚੌਕੀ

    ੲ. ਸੋਦਰ ਦੀ ਚੌਕੀ

    ਸ. ਕਲਿਆਣ ਦੀ ਚੌਕੀ

## *ਸ਼ੋਕ ਸਮਾਚਾਰ*

*ਅਸੀਂ ਸ੍ਰੀ ਗੁਲਸ਼ਨ ਕੁਮਾਰ ਟੀ. ਸਿਰੀਜ਼ ਸੁਪਰ ਕੈਸਟ ਵਾਲਿਆਂ ਦੇ ਅਕਾਲ ਚਲਾਣੇ ਤੇ ਗਹਿਰਾ ਸ਼ੋਕ ਪ੍ਰਗਟ ਕਰਦੇ ਹਾਂ । ਉਹਨਾਂ ਨੇ ਗੁਰਬਾਣੀ ਕੀਰਤਨ ਦੀਆਂ ਕੁਝ ਮਿਆਰੀ ਕੈਸਟਾਂ ਵੀ ਸਿੱਖ ਸੰਗਤਾਂ ਤੱਕ ਸਸਤੀ ਕੀਮਤ ਤੇ ਪੁਚਾਈਆਂ । ਵਾਹਿਗੁਰੂ ਅੱਗੇ ਉਹਨਾਂ ਦੀ ਆਤਮਕ ਸ਼ਾਂਤੀ ਲਈ ਅਰਦਾਸ ਕਰਦੇ ਹਾਂ ।*

*ਅੰਮ੍ਰਿਤ ਕੀਰਤਨ ਟ੍ਰਸਟ*

# ਅਦੁੱਤੀ ਗੁਰਮਤਿ ਸੰਗੀਤ ਸੰਮੇਲਨ - 97

6, 7, 8, 9 ਨਵੰਬਰ, 1997

ਗੁਰਦੁਵਾਰਾ ਗੁਰ ਗਿਆਨ ਪ੍ਰਕਾਸ਼ ਸਾਹਿਬ, ਜਵੱਦੀ ਕਲਾਂ (ਲੁਧਿਆਣਾ)

## ਗੁਣ ਗੋਵਿੰਦ ਗਾਵਹੁ ਸਭਿ ਹਰਿ ਜਨ ਰਾਗ ਰਤਨ ਰਸਨਾ ਆਲਾਪ

ਗੁਰੂ ਸਵਾਰੇ ਸਤਿਕਾਰ ਯੋਗ ਜੀਓ,

*ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ*

ਸਨਿਮਰ ਬੇਨਤੀ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਗਤ ਜਲੰਦੇ ਦੇ ਉਧਾਰ ਲਈ ਇਸ ਘੋਰ ਕਲਯੁਗ ਦੇ ਸਮੇਂ ਸਮੁੱਚੇ ਸੰਸਾਰ ਨੂੰ ਸ਼ਬਦ ਕੀਰਤਨ ਦੀ ਪ੍ਰਧਾਨ ਰੀਤ ਗੁਰਮਤਿ ਸੰਗੀਤ ਨਾਲ ਨਿਵਾਜਿਆ ਹੈ । ਸਰਬ ਲੋਕਾਈ ਤੱਕ ਬਾਣੀ ਦੇ ਸੰਦੇਸ਼ ਪਹੁੰਚਾਉਣ ਲਈ ਗੁਰੂ ਸਾਹਿਬਾਨ ਦੁਆਰਾ ਬਖ਼ਸ਼ੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਮਰਿਆਦਤ ਗੁਰਮਤਿ ਸੰਗੀਤ ਦੀ ਇਸ ਪ੍ਰੰਪਰਾ, ਪ੍ਰਸਾਰ ਤੇ ਵਿਕਾਸ ਲਈ ਵਿਸਮਾਦੁ ਨਾਦੁ ਵਰ੍ਹਿਆਂ ਤੋਂ ਕੀਰਤਨ ਸੇਵਾ ਨੂੰ ਸਮਰਪਿਤ ਹੈ ।

ਸਾਲ 1991, 1992, 1993 ਵਿੱਚ ਵਿਸ਼ਵ ਪੱਧਰ ਦੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਜਵੱਦੀ ਕਲਾਂ ਵਿਖੇ, 1994 ਵਿੱਚ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ (ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ), ਸਾਲ 1995 ਵਿੱਚ ਵਿਸ਼ਵ ਸਿੱਖ ਸੰਮੇਲਨ ਦੌਰਾਨ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ) ਅੰਮ੍ਰਿਤਸਰ ਵਿਖੇ, ਸਾਲ 1996 ਵਿੱਚ ਤਖਤ ਸਚਖੰਡ ਸ੍ਰੀ ਹਜੂਰ ਸਾਹਿਬ ਨਾਦੇੜ ਵਿਖੇ ਇਸ ਲੜੀ ਦੀਆਂ ਮਹੱਤਵਪੂਰਨ ਕੜੀਆਂ ਹਨ । ਇਨ੍ਹਾਂ ਸਾਰਿਆਂ ਸਮਾਗਮਾਂ ਵਿੱਚ ਗੁਰਮਤਿ ਪ੍ਰੰਪਰਾ ਅਨੁਸਾਰ ਨਿਰਧਾਰਤ ਰਾਗਾਂ ਵਿੱਚ ਕੀਰਤਨ ਸੁਣਨ ਲਈ ਸੰਗਤਾਂ ਨੇ ਜੋ ਉਤਸ਼ਾਹ ਦਿਖਾਇਆ ਹੈ ਉਹ ਬੇਮਿਸਾਲ ਹੈ । ਗੁਰਮਤਿ ਕੀਰਤਨ ਤੇ ਪ੍ਰਚਾਰ ਪ੍ਰਸਾਰ ਤੋਂ ਇਲਾਵਾ ਸਮੇਂ-ਸਮੇਂ ਵਿਸਮਾਦੁ ਨਾਦੁ, ਗੁਰਮਤਿ ਸਿਧਾਂਤ ਤੇ ਗੁਰਮਤਿ ਸੰਗੀਤ ਸੰਬੰਧੀ ਵਿਸ਼ੇਸ਼ ਵਿਦਵਾਨਾਂ ਦੁਆਰਾ ਲੈਕਚਰ, ਸੈਮੀਨਾਰ ਤੇ ਗੋਸ਼ਟੀਆਂ ਵੀ ਰਚਾਉਂਦਾ ਹੈ । ਵਿਸ਼ੇਸ਼ ਕਰਕੇ ਪਾਠ, ਕਥਾ ਤੇ ਕੀਰਤਨ, ਤਬਲਾ ਸਿਖਲਾਈ ਲਈ ਗੁਰ ਸ਼ਬਦ ਸੰਗੀਤ ਅਕੈਡਮੀ ਦੀ ਸਥਾਪਨਾ ਕੀਤੀ ਗਈ ਹੈ ਜਿਸ ਵਿੱਚ ਸੌ ਤੋਂ ਵੱਧ ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ । ਵਿਸਮਾਦੁ ਨਾਦੁ ਵਲੋਂ ਆਧੁਨਿਕ ਲੀਹਾਂ ਉਤੇ ਆਡੀਓ ਵੀਡੀਓ ਕੈਸਟਾਂ ਦੁਆਰਾ ਗੁਰਮਤਿ ਸੰਗੀਤ ਦੀ ਨਿਰਧਾਰਤ ਪ੍ਰੰਪਰਾ ਦਾ ਪ੍ਰਚਾਰ ਕੀਤਾ ਗਿਆ ਹੈ । ਇਸ ਵੇਲੇ ਸਾਰੇ ਵਿਸ਼ਵ ਵਿੱਚ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ-ਜਵੱਦੀ ਕਲਾਂ ਲੁਧਿਆਣਾ ਦੀ ਨਿਵੇਕਲੀ ਪਹਿਚਾਣ ਹੈ । ਗੁਰੂ ਕ੍ਰਿਪਾ ਦੁਆਰਾ ਦਰਸਾਏ ਮਾਰਗ ਉਤੇ ਚਲਦਿਆਂ ਗੁਰਮਤਿ ਦੀ ਨਿਰਧਾਰਤ ਪ੍ਰੰਪਰਾ ਨੂੰ ਉਤਸ਼ਾਹਿਤ ਕਰਨ ਲਈ ਗੁਰਸਿੱਖ ਸੰਗਤਾਂ ਦੇ ਹੁਕਮ ਅਨੁਸਾਰ ਸਾਲ 1997 ਵਿੱਚ 6,7,8,9 ਨਵੰਬਰ ਨੂੰ ਵਿਸ਼ਵ ਪੱਧਰ ਦਾ ਸੱਤਵਾਂ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਗੁਰਦੁਆਰਾ ਗੁਰ ਗਿਆਨ ਪ੍ਰਕਾਸ਼ ਜਵੱਦੀ ਕਲਾਂ ਲੁਧਿਆਣਾ ਵਿਖੇ ਹੋ ਰਿਹਾ ਹੈ । ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ 31 ਰਾਗ, ਰਾਗ ਪਰਕਾਰ, ਕੀਰਤਨ ਚੌਕੀਆਂ ਅਤੇ ਪੜਤਾਲ ਗਾਇਨ ਸ਼ੈਲੀਆਂ ਦਾ ਹਰਿ ਜਸ ਗਾਇਨ ਕਰਨ ਲਈ ਦੇਸ਼ ਵਿਦੇਸ਼ ਤੋਂ ਵਿਦਵਾਨ ਰਾਗੀ ਜੱਥੇ ਪਹੁੰਚ ਰਹੇ ਹਨ । ਇਸ ਅਵਸਰ ਉਤੇ 'ਵਿਦਿਆਰਥੀ ਕੀਰਤਨ ਦਰਬਾਰ'ਹੋਵੇਗਾ ਤੇ ਕੀਰਤਨੀ ਜੱਥਿਆਂ ਤੇ ਹੋਰ ਸ਼ਖਸ਼ੀਅਤਾਂ ਦਾ ਸਨਮਾਨ ਵੀ ਕੀਤਾ ਜਾਵੇਗਾ ।

ਇਸ ਪ੍ਰੋਗਰਾਮ ਦੀ ਆਡੀਓ ਵੀਡੀਓ ਰਿਕਾਰਡਿੰਗ ਵੀ ਕੀਤੀ ਜਾਵੇਗੀ ਅਤੇ ਦੇਸ਼ ਵਿਦੇਸ਼ ਦੇ ਰੇਡੀਓ, ਟੀ.ਵੀ. ਚੈਨਲ ਇਸ ਪ੍ਰੋਗਰਾਮ ਦਾ ਪ੍ਰਸਾਰਣ ਵੀ ਕਰਨਗੇ । ਅਤਿ ਸੁੰਦਰ ਸੋਵੀਨਰ, ਸਨਮਾਨਤ ਕੀਤੇ ਗਏ ਕੀਰਤਨੀਆਂ ਦੇ ਸੰਖੇਪ ਜੀਵਨ ਅਤੇ 16 ਆਡੀਓ ਕੈਸਟਾਂ ਵਿੱਚ ਆਏ 31 ਰਾਗਾਂ ਵਿੱਚ 61 ਸ਼ਬਦ ਬੰਦਸ਼ਾਂ ਦੀ ਸੁਰ-ਲਿਪੀ ਤਿਆਰ ਕਰਕੇ ਇਸ ਦੀ ਪੁਸਤਕ ਰਿਲੀਜ਼ ਕੀਤੀ ਜਾਵੇਗੀ । ਕੀਰਤਨ ਦੇ ਅਮੀਰ ਵਿਰਸੇ ਨੂੰ ਸਾਂਭਣ ਲਈ ਆਪ ਦਾ ਸਹਿਯੋਗ ਅਤਿ ਲੋੜੀਂਦਾ ਹੈ । ਗੁਰੂ ਬਖ਼ਸ਼ੀ ਕੀਰਤਨ ਜੁਗਤਿ ਨੂੰ ਅਲੋਪ ਨਹੀਂ ਹੋਣ ਦੇਣਾ- ਇਹ ਸਾਡਾ ਸਭ ਦਾ ਪਹਿਲਾ ਫਰਜ਼ ਹੈ । ਗੁਰੂ ਘਰ ਦਾ ਸੰਗੀਤਕ ਵਿਰਸਾ ਬਹੁਤ ਹੀ ਮਹਾਨ ਹੈ । ਸੰਗਤ ਦੇ ਸਹਿਯੋਗ ਨਾਲ ਹੀ ਸਾਰਾ ਕਾਰਜ ਨੇਪਰੇ ਚੜ੍ਹਨਾ ਹੈ ਜੀ ।

ਆਓ, ਗੁਰੂ ਨਾਨਕ ਦੇਵ ਜੀ ਦੀ ਪ੍ਰਭੂ ਨਾਲ ਮਿਲਣ ਦੀ ਬਖਸ਼ੀ ਦਾਤ ਵਿਸਮਾਦੀ ਧੁਨਾਂ ਨੂੰ ਹਰ ਪ੍ਰਾਣੀ ਅਤੇ ਬੱਚੇ ਬੱਚੇ ਦੇ ਹਿਰਦੇ ਵਿੱਚ ਵਸਾ ਦੇਈਏ ਤਾਂ ਕਿ ਮਨੁੱਖਾ ਜਨਮ ਸਫਲ ਹੋ ਸਕੇ । ਕਲਿਯੁਗ ਦੇ ਤਪਦੇ ਸਮੇਂ ਵਿੱਚ ਅਵੇਸਲੇ ਨਾ ਹੋ ਕੇ ਕਮਰਕੱਸੇ ਕਰਕੇ ਅਦੁੱਤੀ ਗੁਰਮਤਿ ਸੰਗੀਤ ਸੰਮੇਲਨ ਵਿੱਚ ਆਪ ਜੀ ਅਤੇ ਸਮੂਹ ਸਬੰਧੀਆਂ ਨੂੰ ਲੈ ਕੇ ਹਾਜ਼ਰੀਆਂ ਭਰੀਏ ਅਤੇ ਤਨ, ਮਨ, ਧਨ ਨਾਲ ਸੇਵਾ ਕਰਕੇ ਜਿਥੇ ਆਪਣਾ ਜਨਮ ਸਫਲ ਕਰਨਾ ਹੈ ਉਥੇ ਦਾਸਰਿਆਂ ਨੂੰ ਭੀ ਉਤਸ਼ਾਹਿਤ ਕਰੋ ਜੀ । ਗੁਰੂ ਅੰਗ ਸੰਗ, ਚੜਦੀ ਕਲਾ ।

*ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ*

ਦਾਸਨ ਦਾਸ

(ਸੰਤ ਬਾਬਾ ਸੁੱਚਾ ਸਿੰਘ ਜੀ)

ਸ੍ਰ. ਮਨਮੋਹਨ ਸਿੰਘ

# ਨੋਟੇਸ਼ਨ ਵਾਲੇ ਸ਼ਬਦਾਂ ਦੇ ਅਰਥ

*ਟੋਡੀ ਮਹਲਾ ੫ (੭੧੬)*

ਮਾਈ ਮੇਰੇ ਮਨ ਕੀ ਪ੍ਰੀਤ ॥ ਏਹੀ ਕਰਮ ਧਰਮ ਜਪ ਏਹੀ ਰਾਮ ਨਾਮ ਨਿਰਮਲ ਹੈ ਰੀਤਿ ॥ ਰਹਾਉ ॥ ਪ੍ਰਾਨ ਅਧਾਰ ਜੀਵਨ ਧਨ ਮੋਰੈ ਦੇਖਨ ਕਉ ਦਰਸਨ ਪ੍ਰਭ ਨੀਤਿ ॥ ਬਾਟ ਘਾਟ ਤੋਸਾ ਸੰਗਿ ਮੋਰੈ ਮਨ ਅਪੁਨੇ ਕਉ ਮੈ ਹਰਿ ਸਖਾ ਕੀਤ ॥੧॥ ਸੰਤ ਪ੍ਰਸਾਦਿ ਭਏ ਮਨ ਨਿਰਮਲ ਕਰਿ ਕਿਰਪਾ ਅਪੁਨੇ ਕਰਿ ਲੀਤ ॥ ਸਿਮਰਿ ਸਿਮਰਿ ਨਾਨਕ ਸੁਖੁ ਪਾਇਆ ਆਦਿ ਜੁਗਾਦਿ ਭਗਤਨ ਕੇ ਮੀਤ ॥੨॥੨॥੨੧॥

O my mother, my mind is in love with my Master. This for me is the religious deeds and creed and this the worship. The meditation of the Lord's Name is the pure way of life. pause. Ever to see the vision of the Lord, is the support of my life-breath and my life's wealth. On the way and the wharf, the viaticum of the Lord's love is with me. My soul I have made the Lord's companion. By saints grace, my mind has become immaculate and the Lord has mercifully made me His own. Comtemplating, contemplating the Lord, Nanak has obtained peace. From the very beginning and the beginning of ages, the Lord has been the Friend of His saints.

ਅਰਥ : ਹੇ ਮੇਰੀ ਮਾਤਾ ! ਮੈਂਡੇ ਚਿਤ ਦਾ ਮੇਰੇ ਮਾਲਕ ਨਾਲ ਪ੍ਰੇਮ ਹੈ । ਮੇਰੇ ਲਈ ਇਹ ਹੀ ਧਾਰਮਕ ਕੰਮ ਅਤੇ ਈਮਾਨ ਹੈ ਅਤੇ ਇਹ ਹੀ ਉਪਾਸ਼ਨਾ । ਸੁਆਮੀ ਦੇ ਨਾਮ ਦਾ ਸਿਮਰਨ ਹੀ ਪਵਿਤਰ ਜੀਵਨ ਰਹੁ ਰੀਤੀ ਹੈ । ਠਹਿਰਾਉ । ਹਮੇਸ਼ਾ ਸੁਆਮੀ ਦਾ ਦੀਦਾਰ ਵੇਖਣਾ ਮੇਰੀ ਜਿੰਦ-ਜਾਨ ਦਾ ਆਸਰਾ ਅਤੇ ਮੇਰੀ ਜ਼ਿੰਦਗੀ ਦੀ ਦੌਲਤ ਹੈ । ਰਸਤੇ ਅਤੇ ਪਤਣ ਉਤੇ ਪ੍ਰਭੂ ਦੇ ਪ੍ਰੇਮ ਦਾ ਸਫ਼ਰ ਖਰਚ ਮੇਰੇ ਨਾਲ ਹੈ । ਆਪਣੀ ਆਤਮਾ ਨੂੰ ਮੈਂ ਸੁਆਮੀ ਦਾ ਸੰਗੀ ਬਣਾਇਆ ਹੈ ।

ਸਾਧੂਆਂ ਦੀ ਦਇਆ ਦੁਆਰਾ ਮੇਰਾ ਚਿੱਤ ਪਵਿੱਤਰ ਹੋ ਗਿਆ ਹੈ ਅਤੇ ਮਿਹਰ ਧਾਰ ਕੇ, ਸਾਂਈ ਨੇ ਮੈਨੂੰ ਆਪਣਾ ਨਿੱਜ ਦਾਬਣਾ ਲਿਆ ਹੈ ।

ਸੁਆਮੀ ਦਾ ਅਰਾਧਨ, ਅਰਾਧਨ ਕਰਨ ਦੁਆਰਾ ਨਾਨਕ ਨੇ ਆਰਾਮ ਪਰਾਪਤ ਕੀਤਾ ਹੈ । ਐਨ ਆਰੰਭ ਅਤੇ ਯੁਗਾਂ ਦੇ ਆਰੰਭ ਤੋਂ, ਸੁਆਮੀ ਸੰਤਾਂ ਦਾ ਮਿੱਤਰ ਰਿਹਾ ਹੈ ।

*ਸਲੋਕ ਮਹਲਾ ੫*

ਪ੍ਰੇਮ ਪਟੋਲਾ ਤੈ ਸਹਿ ਦਿਤਾ ਢਕਣ ਕੂ ਪਤਿ ਮੇਰੀ ॥ ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ ॥੧॥

Thou, O Spouse, hast given me the silk raiment of Thy love to shield my honour. Thou, O my Master, art wise and discerning. Nank realises not Thine worth.

ਅਰਥ : ਤੂੰ, ਹੇ ਕੰਤ ! ਇਜ਼ਤ ਆਬਰੂ ਬਚਾਉਣ ਲਈ ਮੈਨੂੰ ਆਪਣੀ ਪ੍ਰੀਤ ਦਾ ਰੇਸ਼ਮ ਦਾ ਪੁਸ਼ਾਕਾ ਬਖ਼ਸ਼ਿਆ ਹੈ । ਤੂੰ, ਹੇ ਮੇਰੇ ਮਾਲਕ ! ਸਿਆਣਾ ਅਤੇ ਪ੍ਰਬੀਨ ਹੈਂ । ਨਾਨਕ ਤੇਰੀ, ਕਦਰ ਨੂੰ ਅਨੁਭਵ ਨਹੀਂ ਕਰਦਾ ।

ਰਾਜਿੰਦਰ ਸਿੰਘ

# ਰਾਗ ਟੋਡੀ

ਵਾਦੀ : ਧੁ ॥ ਸੰਵਾਦੀ : ਗੁ ॥ ਠਾਟ : ਟੋਡੀ ॥ ,ਜਾਤੀ : ਸੰਪੂਰਣ ॥ ਸਮਾਂ : ਦਿਨ ਦਾ ਦੂਜਾ ਪਹਿਰ ॥
ਵਿਸ਼ੇਸ਼ : ਰੇ ਗੁਾ ਧੁ ਸੁਰ ਅਤੀ ਕੋਮਲ ਲਗਦੇ ਹਨ ।
ਆਰੋਹ : ਸ, ਰੁ ਗੁ, ਮੰ ਪ, ਧੁ, ਨ ਸੰ, ਅਵਰੋਹ : ਸੰ, ਨ ਧੁ, ਪ, ਮ ਗੁ, ਰੁ ਸ
ਨ
ਪਕੜ : ਧੁ਼, ਨ਼ ਸ, ਨ਼ ਰੁ ਗੁ, ਮੰ ਰੁ ਗੁ, ਰੁ ਗੁ ਰੁ, ਸ

*ਅਸਥਾਈ* — *ਤਾਲ ਦਾਦਰਾ*

| x | | | 0 | | | x | | | 0 | | |
|---|---|---|---|---|---|---|---|---|---|---|---|
| 1 | 2 | 3 | 4 | 5 | 6 | 1 | 2 | 3 | 4 | 5 | 6 |
| ਧੁਮੰ | ਗੁਧੁ | ਮੰਗੁ | ਮੰਗੁ | ਰੁਮੰ | ਗੁਰੁ | ਧੁ਼- | - | - | ਰੁ | - | -ਸ |
| ਮਾS | ਈS | SS | ਮੇS | ਰੇS | SS | ਮਨ | S | S | ਕੀ | S | SS |
| ਸ | - | - | - | - | -ਸ | ਪ | ਪ | -ਪ | ਮੰਪ | ਮੰਗੁ | -ਮੰ |
| ਪ੍ਰੀ | S | S | S | S | S਼ਤ | ਏ | ਹੀ | Sਕ | ਰਮ | SS | Sਧ |
| ਮੰ | ਮੰ | ਮੰ- | ਪ | ਪ | - | ਧੁ | ਧੁ | ਧੁਨ | ਧੁਪ | - | ਪਪ |
| ਰ | ਮ | ਜਪ | ਏ | ਹੀ | S | ਰਾ | ਮ | ਨਾS | Sਮ | S | ਨਿਰ |
| ਮੰਗੁ | ਮੰ | - | ਪ | - | -ਪ | ਮੰਪ | ਮੰਗੁ | -ਗੁ | ਪ<br>ਮੰਗੁ | - | ਰੁ- |
| ਮਲ | ਹੈ | S | ਰੀ | S | Sਤਿ | ਰਾS | ਮS | Sਨਾ | Sਮ | S | ਨਿਰ |
| ਗੁਰੁ | ਰੁ | ਸ | ਸ | - | -ਸ | ਧੁ਼- | - | - | ਰੁ | - | -ਸ |
| ਮਲ | ਹੈ | S | ਰੀ | S | Sਤਿ | ਮਨ | S | S | ਕੀ | S | SS |
| ਸ | - | - | - | - | -ਸ | | | | | | |
| ਪ੍ਰੀ | S | S | S | S | Sਤ | | | | | | |

*ਅੰਤਰਾ*

| | | | | | | | | | | | |
|---|---|---|---|---|---|---|---|---|---|---|---|
| ਪ | ਪ | ਪ | ਮੰਪ | ਮੰਗੁ | -ਗੁ | ਧੁ | ਧੁ- | ਧੁ | ਧੁ | ਧੁ | ਧੁ |
| ਪ੍ਰਾ | ਨ | ਅ | ਧਾS | ਰS | Sਜੀ | ਵਨ | ਧS | ਨ | ਮੋ | ਰੈ | S |
| ਧੁਨ | ਨ- | ਨ | ਧੁਨ | ਧੁਪ | ਪ- | ਮੰ- | - | ਪਧੁ | ਪ | - | -ਪ |
| ਦੇS | ਖ੍ਰS | ਨ | ਕਉ | SS | ਦਰ | ਸਨ | S | ਪ੍ਰਭ | ਨੀ | S | Sਤਿ |
| ਮੰਪ | ਮੰਗੁ | -ਗੁ | ਮੰਗੁ | - | ਰੁ- | ਗੁਰੁ | ਰੁ | ਸ | ਸ | - | -- |
| ਦੇS | ਖS | ਨ | ਕਉ | SS | ਦਰ | ਸਨ | S | ਪ੍ਰਭ | ਨੀ | S | Sਤਿ |
| ਧ਼- | - | - | ਰੁ | - | -ਸ | ਸ | - | - | - | - | -ਸ |
| ਮਨ | S | S | ਕੀ | S | SS | ਪ੍ਰੀ | S | S | S | S | Sਤਿ |

*ਅੰਤਰਾ ਦੂਸਰਾ*

| | | | | | | | | | | | |
|---|---|---|---|---|---|---|---|---|---|---|---|
| ਸੰ | ਸੰ | ਸੰ | ਨਿਸੰ | ਨਿਧੁ | ਪ | ਪਮੰ | ਧੁ | ਧੁਧੁ | ਧੁ | ਧੁ | ਧੁ |
| ਬਾ | ਟ | ਘਾ | Sਟ | ਤੋS | S | ਸਾS | S | ਸੰਗਿ | ਮੋ | ਰੈ | S |
| ਨਿਨਿ | ਨਿਨਿ | ਨਿ | ਧੁਨਿ | ਧੁ | ਪ | ਪਮੰ | -ਪ | ਧੁ | ਪ | - | -- |
| ਮਨ | ਅਪੁ | ਨੇ | ਕਉ | ਮੈਂ | S | ਹਰਿ | Sਸ | ਖਾ | ਕੀ | S | Sਤਿ |
| ਮੰਪ | ਮੰਗੁ | ਗੁ | ਮੰਗੁ | ਗੁਰੁ | ਰੁ | ਗੁਰੁ | -ਰੁ | ਸ | ਸ | - | -- |
| ਮਨ | ਅਪੁ | ਨੇ | ਕਉ | ਮੈS | S | ਹਰਿ | Sਸ | ਖਾ | ਕੀ | S | Sਤਿ |
| ਧ਼- | - | - | ਰੁ | - | -ਸ | ਸ | - | - | - | - | -ਸ |
| ਮਨ | S | S | ਕੀ | S | SS | ਪ੍ਰੀ | S | S | S | S | Sਤਿ |

## ਰਣਧੀਰ ਸਿੰਘ ਖਾਲਸਾ

# ਰਾਗ ਗੁਜਰੀ ਟੋਡੀ

ਥਾਟ : ਟੋਡੀ ॥ ਵਾਦੀ : ਧੁ ॥ ਸੰਵਾਦੀ : ਰੁ ॥ ਸਮਾਂ : ਦਿਨ ਦਾ ਦੂਸਰਾ ਪਹਿਰ ॥

ਜਾਤਿ : ਛਾਡਵ ਛਾਡਵ ॥

ਆਰੋਹ : ਸ ਰੁ ਗੁ, ਮਂ ਧੁ, ਨ ਸਂ ॥ ਅਵਰੋਹ : ਸਂ ਨ ਧੁ, ਮਂ ਧੁ, ਮਂ ਗੁ, ਰੁ ਗੁ, ਰੁ ਸ ॥

ਪਕੜ : ਨ ਧੁ ਮਂ ਗੁ, ਰੁ ਗੁ, ਰੁ ਸ ॥

| x | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |
| | | | | | | | *ਸਥਾਈ* | | | | | | | | |
| | | | | | | | | ਰੁ | ਗੁ | ਰੁ | ਸ | ਨ਼ | ਧੁ਼ | ਨ਼ | ਨ਼ |
| | | | | | | | | ਪ੍ਰੇ | ऽ | ਮ | ਪ | ਟੋ | ऽ | ਲਾ | ऽ |
| ਸ | ਸ | ਸ | ਸ | ਰੁ | ਗੁ | ਰੁ | ਸ | ਸ | ਗੁ | ਰੁ | ਗੁ | ਮਂ | ਮਂ | ਧੁ | ਧੁ |
| ਤੈ | ऽ | ਸ | ਹਿ | ਦਿ | ऽ | ਤਾ | ऽ | ਢ | ऽ | ਕ | ਣ | ਕੂ | ऽ | ਪ | ਤਿ |
| ਮਂ | ਧੁ | ਮਂ | ਗੁ | ਰੁ | ਗੁ | ਰੁ | ਸ | | | | | | | | |
| ਮੇ | ऽ | ऽ | ऽ | ਰੀ | ऽ | ऽ | ऽ | | | | | | | | |
| | | | | | | | *ਅੰਤਰਾ* | | | | | | | | |
| | | | | | | | | ਧੁ | ਧੁ | ਧੁ | ਧੁ | ਮਂ | ਗੁ | ਮਂ | ਧੁ |
| | | | | | | | | ਦਾ | ऽ | ਨਾ | ऽ | ਬੀ | ऽ | ਨਾ | ऽ |
| ਸਂ | - | ਰੁਂ | ਗੁਂ | ਰੁਂ | - | ਸਂ | - | ਸਂ | - | ਸਂ | ਸਂ | ਨ | ਸਂ | ਨ | ਧੁ |
| ਸਾ | ऽ | ਈ | ऽ | ਮੈ | ऽ | ਡਾ | ऽ | ਨਾ | ऽ | ਨ | ਕ | ਸਾ | ऽ | ਰ | ਨ |
| ਮਂ | ਧੁ | ਮਂ | ਗੁ | ਰੁ | ਗੁ | ਰੁ | ਸ | | | | | | | | |
| ਜਾ | ऽ | ਣਾ | ऽ | ਤੇ | ऽ | ਰੀ | ऽ | | | | | | | | |

## ਐਡਰੈਸਾਂ ਬਾਰੇ

*ਅਸੀਂ ਐਡਰੈਸਾਂ ਦੀਆਂ ਲਿਸਟਾਂ ਕੰਪਿਊਟਰ ਰਾਹੀਂ ਛਾਪਣ ਲੱਗੇ ਹਾਂ । ਕਿਰਪਾ ਕਰਕੇ ਆਪਣੇ ਠੀਕ ਐਡਰੈਸ ਪਿੰਨ ਕੋਡ ਸਮੇਤ ਸਾਫ-ਸਪਸ਼ਟ ਲਿਖ ਕੇ ਸਾਨੂੰ ਮੁੜ ਭੇਜਣ ਦੀ ਖੇਚਲ ਕਰੋ ਜੀ ।*

*ਸੰਪਾਦਕ*

# ਸੰਗੀਤ-ਲਿਪੀ ਚਿੰਨ੍ਹ

ਪ ਜਿਨ੍ਹਾਂ ਸੁਰਾਂ ਦੇ ਉਪਰ ਹੇਠਾਂ ਕੋਈ ਚਿੰਨ੍ਹ ਨਾ ਹੋਵੇ, ਉਹ ਮੱਧ-ਸਪਤਕ ਦੇ ਸ਼ੁਧ ਸੁਰ ਹੁੰਦੇ ਹਨ ।

ਧੁ ਜਿਨ੍ਹਾਂ ਸੁਰਾਂ ਹੇਠਾਂ ਲੇਟਵੀਂ ਲਕੀਰ ਹੋਵੇ ਉਹ ਕੋਮਲ ਸੁਰ ਹੁੰਦੇ ਹਨ ; ਪਰ ਕੋਮਲ ਮਧਿਅਮ ਉਪਰ ਕੋਈ ਚਿੰਨ੍ਹ ਨਹੀਂ ਹੁੰਦਾ ਕਿਉਂਕਿ ਕੋਮਲ ਮਧਿਅਮ ਨੂੰ ਸ਼ੁਧ ਮਧਿਅਮ ਵੀ ਕਹਿੰਦੇ ਹਨ । ਹਰਮੋਨੀਅਮ ਦੇ

ਸੁਰ ਨੰ: 2, 4, 9, 11 ਕੋਮਲ ਸੁਰ ਹਨ ।

ਮੰ ਇਹ ਤੀਬਰ ਮਧਿਅਮ ਹੈ । ਸੁਰ ਨ: 7 ਤੀਬਰ ਮਧਿਅਮ ਹੈ ।

ਪ਼/ਧ਼ ਜਿਨ੍ਹਾਂ ਸੁਰਾਂ ਹੇਠਾਂ ਬਿੰਦੀ ਹੋਵੇ ਉਹ ਮੰਦਰ ਸਪਤਕ ਦੇ ਸੁਰ ਹੁੰਦੇ ਹਨ ।

ਸੰ/ਪੰ ਜਿਨ੍ਹਾਂ ਸੁਰਾਂ ਦੇ ਉਪਰ ਬਿੰਦੀ ਹੋਵੇ ਉਹ ਤਾਰ ਸਪਤਕ ਦੇ ਸੁਰ ਹੁੰਦੇ ਹਨ ।

ਪ— ਜਿਹੜੇ ਸੁਰ ਅੱਗੇ ਜਿੰਨੀਆਂ ਲਕੀਰਾਂ (–) ਹਨ ਉਸ ਨੂੰ ਉਤਨੀਆਂ ਮਾਤਰਾਂ ਤਕ ਗਾਉਣਾ ਹੈ ।

ਸ਼ਾਂ s ਜਿਸ ਅੱਖਰ ਅੱਗੇ ਜਿੰਨੇ s ਪਏ ਹੋਣ ਉਸ ਨੂੰ ਉਨੀਆਂ ਮਾਤਰਾਂ ਤਕ ਗਾਉਣਾ ਹੈ ।

ਧਪ ਇਸ ਤਰ੍ਹਾਂ ਜਿੰਨੇ ਵੀ ਸੁਰ ਆਪਸ ਵਿਚ ਮਿਲੇ ਹੋਣ ਉਹਨਾਂ ਸਾਰਿਆਂ ਨੂੰ ਇੱਕ ਮਾਤਰਾ ਵਿੱਚ ਗਾਉਣਾ ਹੈ ।

ਮਪ ਜਿਹੜਾ ਸੁਰ ਕਿਸੇ ਸੁਰ ਦੇ ਉਪਰ ਲਿਖਿਆ ਹੋਵੇ ਉਸ ਨੂੰ ਕਣ ਰੂਪ ਵਿੱਚ ਲਗਾਉਣਾ ਹੈ ।

XO 123 X ਸਮ, O ਖਾਲੀ ਅਤੇ 1-2-3 ਤਾਲੀਆਂ ਦੇ ਚਿੰਨ੍ਹ ਹਨ ।



# ਮਹੀਨਾ ਸਤੰਬਰ/ਅੱਸੂ

ਅਸੁਨਿ ਪ੍ਰੇਮ ਉਮਾਹੜਾ ਕਿਉ ਮਿਲੀਐ ਹਰਿ ਜਾਇ ॥ ਮਨਿ ਤਨਿ ਪਿਆਸ ਦਰਸਨ ਘਣੀ ਕੋਈ ਆਣਿ ਮਿਲਾਵੈ ਮਾਇ ॥ ਸੰਤ ਸਹਾਈ ਪ੍ਰੇਮ ਕੇ ਹਉ ਤਿਨ ਕੈ ਲਾਗਾ ਪਾਇ ॥ ਵਿਣੁ ਪ੍ਰਭ ਕਿਉ ਸੁਖੁ ਪਾਈਐ ਦੂਜੀ ਨਾਹੀ ਜਾਇ ॥ ਜਿੰਨ੍ਹੀ ਚਾਖਿਆ ਪ੍ਰੇਮ ਰਸੁ ਸੇ ਤ੍ਰਿਪਤਿ ਰਹੇ ਆਘਾਇ ॥ ਆਪੁ ਤਿਆਗਿ ਬਿਨਤੀ ਕਰਹਿ ਲੇਹੁ ਪ੍ਰਭੂ ਲੜਿ ਲਾਇ ॥ ਜੋ ਹਰਿ ਕੰਤਿ ਮਿਲਾਈਆ ਸਿ ਵਿਛੁੜਿ ਕਤਹਿ ਨ ਜਾਇ॥ ਪ੍ਰਭ ਵਿਣੁ ਦੂਜਾ ਕੋ ਨਹੀ ਨਾਨਕ ਹਰਿ ਸਰਣਾਇ॥ ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ ॥੮॥ *(ਰਾਗ ਮਾਝ ਬਾਰਹਮਾਹ ਮਹਲਾ ਪੰਜਵਾ ਪੰਨਾ 134)*

| | | | |
|---|---|---|---|
| ਸੰਮਤ ਬਿਕ੍ਰਮੀ 2054 | ਸਤੰਬਰ | ਸੰਗਰਾਂਦ | 16 ਸਤੰਬਰ |
| ਸੰਮਤ ਨਾਨਕਸ਼ਾਹੀ 528 | SEPTEMBER 1997 | ਪੂਰਨਮਾਸ਼ੀ | 16 ਸਤੰਬਰ |
| ਸੰਮਤ ਖਾਲਸਾ 299 | | ਮਸਿਆ | 1 ਸਤੰਬਰ |
| ਸੰਮਤ ਸ਼ਾਕਾ 1919 | | ਪੰਚਮੀ | 7 ਸਤੰਬਰ |

| | | | | | |
|---|---|---|---|---|---|
| ਐਤ SUN | ✿ | 7<br>23 ਭਾਦਰੋਂ<br>ਭਾਦਰੋਂ ਸੁਦੀ 5 | 14<br>30 ਭਾਦਰੋਂ<br>ਭਾਦਰੋਂ ਸੁਦੀ 12 | 21<br>6 ਅੱਸੂ<br>ਅੱਸੂ ਵਦੀ 5 | 28<br>13 ਅੱਸੂ<br>ਅੱਸੂ ਵਦੀ 12 |
| ਸੋਮ MON | 1<br>17 ਭਾਦਰੋਂ<br>ਮਸਿਆ | 8<br>24 ਭਾਦਰੋਂ<br>ਭਾਦਰੋਂ ਸੁਦੀ 6 | 15<br>31 ਭਾਦਰੋਂ<br>ਭਾ: ਸੁ: 13-14 | 22<br>7 ਅੱਸੂ<br>ਅੱਸੂ ਵਦੀ 6 | 29<br>14 ਅੱਸੂ<br>ਅੱਸੂ ਵਦੀ 13 |
| ਮੰਗਲ TUE | 2<br>18 ਭਾਦਰੋਂ<br>ਭਾਦਰੋਂ ਸੁਦੀ 1 | 9<br>25 ਭਾਦਰੋਂ<br>ਭਾਦਰੋਂ ਸੁਦੀ 7 | 16<br>1 ਅੱਸੂ<br>ਪੂਰਨਮਾਸ਼ੀ | 23<br>8 ਅੱਸੂ<br>ਅੱਸੂ ਵਦੀ 7 | 30<br>15 ਅੱਸੂ<br>ਅੱਸੂ ਵਦੀ 14 |
| ਬੁੱਧ WED | 3<br>19 ਭਾਦਰੋਂ<br>ਭਾਦਰੋਂ ਸੁਦੀ 1 | 10<br>26 ਭਾਦਰੋਂ<br>ਭਾਦਰੋਂ ਸੁਦੀ 8 | 17<br>2 ਅੱਸੂ<br>ਅੱਸੂ ਵਦੀ 1 | 24<br>9 ਅੱਸੂ<br>ਅੱਸੂ ਵਦੀ 8 | ✿ |
| ਵੀਰ THU | 4<br>20 ਭਾਦਰੋਂ<br>ਭਾਦਰੋਂ ਸੁਦੀ 2 | 11<br>27 ਭਾਦਰੋਂ<br>ਭਾਦਰੋਂ ਸੁਦੀ 9 | 18<br>3 ਅੱਸੂ<br>ਅੱਸੂ ਵਦੀ 2 | 25<br>10 ਅੱਸੂ<br>ਅੱਸੂ ਵਦੀ 9 | ✿ |
| ਸ਼ੁੱਕਰ FRI | 5<br>21 ਭਾਦਰੋਂ<br>ਭਾਦਰੋਂ ਸੁਦੀ 3 | 12<br>28 ਭਾਦਰੋਂ<br>ਭਾਦਰੋਂ ਸੁਦੀ 10 | 19<br>4 ਅੱਸੂ<br>ਅੱਸੂ ਵਦੀ 3 | 26<br>11 ਅੱਸੂ<br>ਅੱਸੂ ਵਦੀ 10 | ✿ |
| ਸ਼ਨੀ SAT | 6<br>22 ਭਾਦਰੋਂ<br>ਭਾਦਰੋਂ ਸੁਦੀ 3 | 13<br>29 ਭਾਦਰੋਂ<br>ਭਾਦਰੋਂ ਸੁਦੀ 11 | 20<br>5 ਅੱਸੂ<br>ਅੱਸੂ ਵਦੀ 4 | 27<br>12 ਅੱਸੂ<br>ਅੱਸੂ ਵਦੀ 11 | ✿ |

ਅਰਥ : ਹੇ ਮਾਂ । (ਭਾਦਰੋਂ ਦੇ ਘੁੰਮੇ ਤੇ ਤ੍ਰਾਟਕੇ ਲੰਘਣ ਪਿੱਛੋਂ) ਅੱਸੂ (ਦੀ ਮਿੱਠੀ ਮਿੱਠੀ ਰੁੱਤ) ਵਿਚ (ਮੇਰੇ ਅੰਦਰ ਪ੍ਰਭੂ-ਪਤੀ ਦੇ) ਪਿਆਰ ਦਾ ਉਛਾਲਾ ਆ ਰਿਹਾ ਹੈ (ਮਨ ਤੜਫਦਾ ਹੈ ਕਿ) ਕਿਸੇ ਨਾ ਕਿਸੇ ਤਰ੍ਹਾਂ ਚੱਲ ਕੇ ਪ੍ਰਭੂ-ਪਤੀ ਨੂੰ ਮਿਲਾਂ । ਮੇਰੇ ਮਨ ਵਿੱਚ ਤੇ ਮੇਰੇ ਤਨ ਵਿੱਚ ਪ੍ਰਭੂ ਦੇ ਦਰਸਨ ਦੀ ਪਿਆਸ ਲੱਗੀ ਹੋਈ ਹੈ ( ਚਿੱਤ ਲੋਚਦਾ ਹੈ ਕਿ) ਕੋਈ (ਉਸ ਪਤੀ ਨੂੰ) ਲਿਆ ਕੇ ਮੇਲ ਕਰਾ ਦੇਵੇ । (ਇਹ ਸੁਣ ਕੇ ਕਿ) ਸੰਤ ਜਨ ਪ੍ਰੇਮ ਵਧਾਣ ਵਿੱਚ ਸਹਾਇਤਾ ਕਰਿਆ ਕਰਦੇ ਹਨ, ਮੈਂ ਉਹਨਾਂ ਦੀ ਚਰਨੀਂ ਲੱਗੀ ਹਾਂ । (ਹੇ ਮਾਂ !) ਪ੍ਰਭੂ ਤੋਂ ਬਿਨਾਂ ਸੁਖ ਆਨੰਦ ਨਹੀਂ ਮਿਲ ਸਕਦਾ (ਕਿਉਂਕਿ ਸੁਖ ਆਨੰਦ ਦੀ) ਹੋਰ ਕੋਈ ਥਾਂ ਨਹੀਂ ।

ਜਿਨ੍ਹਾਂ (ਵਡਭਾਗੀਆਂ) ਨੇ ਪ੍ਰਭੂ ਪਿਆਰ ਦਾ ਸੁਆਦ (ਇਕ ਵਾਰੀ) ਚੱਖ ਲਿਆ ਹੈ (ਉਹਨਾਂ ਨੂੰ ਮਾਇਆ ਦੇ ਸੁਆਦ ਭੁੱਲ ਜਾਂਦੇ ਹਨ, ਮਾਇਆ ਵੱਲੋਂ) ਉਹ ਰੱਜ ਜਾਂਦੇ ਹਨ, ਆਪਾ-ਭਾਵ ਛੱਡ ਕੇ ਉਹ ਸਦਾ ਅਰਦਾਸਾਂ ਕਰਦੇ ਰਹਿੰਦੇ ਹਨ- ਹੇ ਪ੍ਰਭੂ ! ਸਾਨੂੰ ਆਪਣੇ ਲੜ ਲਾਈ ਰੱਖ

ਜਿਸ ਜੀਵ ਇਸਤ੍ਰੀ ਨੂੰ ਪ੍ਰਭੂ ਖਸਮ ਨੇ ਆਪਣੇ ਨਾਲ ਮਿਲਾ ਲਿਆ ਹੈ, ਉਹ (ਉਸ ਮਿਲਾਪ ਵਿੱਚੋਂ) ਵਿਛੁੜ ਕੇ ਹੋਰ ਕਿਸੇ ਥਾਂ ਨਹੀਂ ਜਾਂਦੀ (ਕਿਉਂਕਿ) ਹੇ ਨਾਨਕ (ਉਸ ਨੂੰ ਨਿਸ਼ਚਾ ਆ ਜਾਂਦਾ ਹੈ ਕਿ ਸਦੀਵੀ ਸੁਖ ਵਾਸਤੇ) ਪ੍ਰਭੂ ਦੀ ਸਰਨ ਤੋਂ ਬਿਨਾਂ ਹੋਰ ਕੋਈ ਥਾਂ ਨਹੀਂ ਹੈ । ਉਹ ਸਦਾ ਪ੍ਰਭੂ ਦੀ ਸਰਨ ਪਈ ਰਹਿੰਦੀ ਹੈ ।

ਅੱਸੂ (ਦੀ ਮਿੱਠੀ ਮਿੱਠੀ ਰੁੱਤ) ਵਿੱਚ ਉਹ ਜੀਵ ਇਸਤ੍ਰੀਆਂ ਸੁੱਖ ਵਿੱਚ ਵੱਸਦੀਆਂ ਹਨ, ਜਿੰਨ੍ਹਾਂ ਉਤੇ ਪਰਮਾਤਮਾ ਦੀ ਕਿਰਪਾ ਹੁੰਦੀ ਹੈ ।

(ਡਾ. ਸਾਹਿਬ ਸਿੰਘ)

## *ਗੁਰਪੁਰਬ*

| | |
|---|---|
| ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਪ੍ਰਕਾਸ਼ | 2 ਸਤੰਬਰ |
| ਪਾ: ੫ ਗੁਰਿਆਈ ਮਿਲੀ | 4 ਸਤੰਬਰ |
| ਪਾ: ੪ ਜੋਤੀ ਜੋਤਿ ਸਮਾਏ | 5 ਸਤੰਬਰ |
| ਪਾ: ੪ ਗੁਰਿਆਈ ਮਿਲੀ | 15 ਸਤੰਬਰ |
| ਪਾ: ੩ ਜੋਤੀ ਜੋਤਿ ਸਮਾਏ | 16 ਸਤੰਬਰ |
| ਪਾ: ੨ ਗੁਰਿਆਈ ਮਿਲੀ | 21 ਸਤੰਬਰ |
| ਪਾ: ੧ ਜੋਤੀ ਜੋਤਿ ਸਮਾਏ | 26 ਸਤੰਬਰ |

## *ਦਿਨ ਦਿਹਾਰ ਤੇ ਛੁੱਟੀਆ*

| | |
|---|---|
| ਬਾਬੇ ਦਾ ਵਿਆਹ (ਬਟਾਲਾ) | 9 ਸਤੰਬਰ |
| ਜਨਮ ਬਾਬਾ ਸਿਰੀ ਚੰਦ ਜੀ | 11 ਸਤੰਬਰ |
| ਮੇਲਾ ਸ੍ਰੀ ਗੋਇੰਦਵਾਲ, ਸ਼ਰਾਧ ਸ਼ੁਰੂ | 16 ਸਤੰਬਰ |
| ਬੈਂਕਾਂ ਦੀ ਛੁੱਟੀ | 30 ਸਤੰਬਰ |

*ਜੇ ਤੁਹਾਨੂੰ ਅੰਮ੍ਰਿਤ ਕੀਰਤਨ ਚੰਗਾ ਲਗਦਾ ਹੈ ਤਾਂ ਇਸ ਦੇ ਹੋਰ ਮੈਂਬਰ ਬਣਾਓ, ਨਹੀਂ ਤਾਂ ਇਸ ਨੂੰ ਹੋਰ ਚੰਗੇਰਾ ਬਣਾਉਣ ਲਈ ਸੁਝਾਅ ਭੇਜੋ ।*

T ਸਿਰੀਜ਼ ਪੇਸ਼ ਕਰਦੇ ਹਨ



# ਡਾ. ਜਾਗੀਰ ਸਿੰਘ ਚੰਡੀਗੜ੍ਹ ਵਾਲਿਆਂ

ਦੀ

ਆਵਾਜ਼ ਵਿੱਚ

ਸ਼ਬਦ ਗੁਰਬਾਣੀ ਦੀ ਕੈਸੱਟ

## ਸਭ ਬਿਧਿ ਤੁਮ ਹੀ ਜਾਨਤੇ

ਸਾਰੀਆਂ ਕੈਸੱਟ ਦੁਕਾਨਾਂ ਤੋਂ ਮਿਲ ਸਕਦੀ ਹੈ ।

*sohal specials*
Page : 9610 - 8677

Regd. NO. PB/CH-155
RNI Regd No. 46788/89

**BOOK POST**
(Printed Matter)

To

______________________________
______________________________
______________________________

If undelivered please return to
**AMRIT KIRTAN TRUST (Regd.)**
422, Sector 15-A, Chandigarh-160 015
Phone : 772660

ਕੀਰਤਨ ਅਤੇ ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

# ਅੰਮ੍ਰਿਤ ਕੀਰਤਨ

ਅੰਕ 9 ਸਾਲ ਨੌਵਾਂ ਸਤੰਬਰ 1997

ਪਰਚਾ ਨਾ ਮਿਲਣ ਦੀ ਜਾਂ ਕੋਈ ਹੋਰ ਸ਼ਿਕਾਇਤ ਹੋਵੇ ਜਾਂ ਤੁਸੀਂ ਆਪਣਾ ਪਤਾ ਬਦਲ ਲਿਆ ਹੋਵੇ ਤਾਂ ਆਪਣੇ ਚਿੱਟ ਨੰਬਰ ਦਾ ਹਵਾਲਾ ਦੇ ਕੇ ਚਿੱਠੀ ਭੇਜ ਦਿਉ। ਚਿੱਟ ਨੰਬਰ ਤੋਂ ਬਿਨਾਂ ਕੋਈ ਕਾਰਵਾਈ ਨਹੀਂ ਹੋ ਸਕੇਗੀ। ਆਪ ਦਾ ਚਿੱਟ ਨੰਬਰ ਇਸ ਲਿਫ਼ਾਫ਼ੇ ਉਤੇ ਆਪ ਦੇ ਨਾਮ ਤੋਂ ਪਹਿਲਾਂ ਲਿਖਿਆ ਹੋਇਆ ਹੈ।

## 'ਅੰਮ੍ਰਿਤ ਕੀਰਤਨ' ਲਈ ਮਾਇਕ ਸਹਾਇਤਾ

'ਅੰਮ੍ਰਿਤ ਕੀਰਤਨ' ਤੁਹਾਡੀ ਮਾਇਕ ਸਹਾਇਤਾ ਅਤੇ ਅਗਵਾਈ ਸਦਕਾ ਹੀ ਨਿਰੰਤਰ ਅਤੇ ਨਿਰਵਿਘਨ ਜਾਰੀ ਰੱਖਿਆ ਜਾ ਸਕਦਾ ਹੈ । ਆਪ ਆਪਣੀ ਮਾਇਆ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਭੇਜਣ ਦੀ ਕ੍ਰਿਪਾ ਕਰੋ । ਪਿਛਲੇ ਮਹੀਨੇ ਹੇਠ ਲਿਖੇ ਸਹਿਯੋਗੀਆਂ ਨੇ ਲਾਈਫ ਮੈਂਬਰ/ਸਲਾਨਾ ਮੈਂਬਰ ਅਤੇ ਵਿਸ਼ੇਸ਼ ਸਹਾਇਤਾ ਦੇ ਤੌਰ ਤੇ ਮਾਇਕ ਸਹਾਇਤਾ ਭੇਜੀ । ਉਹਨਾਂ ਦਾ ਬਹੁਤ ਬਹੁਤ ਧੰਨਵਾਦ ।

### ਸਲਾਨਾ ਮੈਂਬਰ

| | |
|---|---|
| *ਪ੍ਰੋ. ਪਰਮਜੋਤ ਸਿੰਘ, ਕੀਰਤਨ ਭਵਨ ਪੰਜਾਬ ਸਿੰਧ ਬੈਂਕ, ਗਰੀਨ ਪਾਰਕ ਜਲੰਧਰ ਰਾਹੀਂ :-* | |
| ਸ੍ਰ. ਗੁਰਮੁਖ ਸਿੰਘ ਸਪੁੱਤਰ ਸੰਤ ਬਹਾਦਰ ਸਿੰਘ ਜੀ, ਅਮਰੀਕਾ | 500 ਰੁ. |
| ਭਾਈ ਜਸਬੀਰ ਸਿੰਘ, ਜਲੰਧਰ | 100 ਰੁ. |
| ਬਖਸ਼ੀਸ ਸਿੰਘ ਲੈਕਚਰਾਰ, ਅਬੋਹਰ | 50 ਰੁ. |
| ਸ੍ਰ. ਪ੍ਰੀਤਮ ਸਿੰਘ, ਸੰਗਰੂਰ | 100 ਰੁ. |
| ਸੇਵਕ ਚੈਰੀਟੇਬਲ ਟ੍ਰਸਟ, ਚੰਡੀਗੜ੍ਹ | 200 ਰੁ. |
| ਵਰਿੰਦਰ ਕੌਰ ਪਦਮ, ਪਟਿਆਲਾ | 100 ਰੁ. |
| ਅੰਮ੍ਰਿਤ ਸਮੀਰ ਸਿੰਘ, ਲੁਧਿਆਣਾ | 100 ਰੁ. |
| ਹਰਬੰਸ ਸਿੰਘ, ਲਖਨਊ | 200 ਰੁ. |
| ਅਜੀਤ ਸਿੰਘ ਬੇਦੀ ਮੰਦਸੌਰ, ਮੱਧ ਪ੍ਰਦੇਸ | 100 ਰੁ. |
| ਮਿਸਜ਼ ਅਜੀਤ ਸਿੰਘ ਕਾਲਰਾ, ਚੰਡੀਗੜ੍ਹ | 100 ਰੁ. |
| ਪ੍ਰੋ. ਸਤਵਿੰਦਰ ਸਿੰਘ, ਚੰਡੀਗੜ੍ਹ | 100 ਰੁ. |
| ਮਿਸਜ਼ ਗੁਰਚਰਨ ਕੌਰ ਲੈਕਚਰਾਰ, ਚੰਡੀਗੜ੍ਹ | 100 ਰੁ. |
| ਮਿਸਜ਼ ਸਰਲਾ ਬੱਬਰ, ਅੰਮ੍ਰਿਤਸਰ | 50 ਰੁ. |
| ਚਰਨਜੀਤ ਸਿੰਘ, ਮੁਹਾਲੀ | 100 ਰੁ. |
| ਅਮਰੀਕ ਸਿੰਘ, ਇਸਮਾਇਲਾਬਾਦ | 100 ਰੁ. |
| ਹਰਬੰਸ ਸਿੰਘ, ਚੰਡੀਗੜ੍ਹ | 100 ਰੁ. |
| ਪ੍ਰੋ. ਕੁਲਵੰਤ ਸਿੰਘ, ਚੰਡੀਗੜ੍ਹ | 100 ਰੁ. |
| *ਹਰਭਜਨ ਸਿੰਘ ਚੋਪੜਾ ਰਾਹੀਂ :* | |
| ਸ੍ਰ. ਅਮਰੀਕ ਸਿੰਘ ਮੁਹਾਲੀ | 50 ਰੁ. |
| ਰਣਜੀਤ ਕੌਰ, ਮੁਹਾਲੀ | 50 ਰੁ. |
| ਦਲਜੀਤ ਕੌਰ, ਮੁਹਾਲੀ | 50 ਰੁ. |

### ਵਿਸ਼ੇਸ਼ ਸਹਾਇਤਾ

| | |
|---|---|
| ਮਿਸਜ਼ ਤਰਲੋਚਨ ਸਿੰਘ, ਚੰਡੀਗੜ੍ਹ | 500 ਰੁ. |
| ਡੋਗਰਾ ਪਰਿਵਾਰ ਜੰਗ ਪੁਰਾ ਐਕਸੈਟੈਨਸ਼ਨ, ਨਵੀਂ ਦਿਲੀ | 500 ਰੁ. |
| ਸ੍ਰ. ਸੁਖਦੇਵ ਸਿੰਘ, ਮੁਹਾਲੀ | 200 ਰੁ. |
| ਗੁਰਚਰਨ ਸਿੰਘ ਮੈਮੋਰੀਅਲ ਟ੍ਰਸਟ, ਮੁਹਾਲੀ | 100 ਰੁ. |
| ਡਾ. ਐਮ.ਐਲ. ਕਟਾਰੀਆ, ਚੰਡੀਗੜ੍ਹ | 251 ਰੁ. |
| ਸਰਦਾਰਨੀ ਹਰਸ਼ਰਨ ਕੌਰ ਪਾਲ, ਰਾਜੌਰੀ ਗਾਰਡਨ, ਨਵੀਂ ਦਿਲੀ | 500 ਰੁ. |
| ਸਿਮਰਨ ਕੇਂਦਰ ਕੋਟਲਾ ਅਜਨੇਰ ਜ਼ਿਲਾ, ਫਤਹਿਗੜ੍ਹ ਸਾਹਿਬ | 100 ਰੁ. |

### ਸਾਡੇ ਜੀਵਨ ਮੈਂਬਰ

ਸ੍ਰ. ਹਰਵਿੰਦਰ ਸਿੰਘ
ਸੀ-11, ਡੀਫੈਂਸ ਕਲੋਨੀ
ਨਵੀਂ ਦਿਲੀ-110024